# ਲੋਕਤਾ

ਦਸੰਬਰ - 1987

**December - 1987**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਸੂਫੀ ਦੀ ਨਿੱਜੀ ਲਾਇਬ੍ਰੇਰੀ।

Price 25¢ Out of Greater Vancouver 50¢

ਮਾਸਿਕ

# ਲੋਕਤਾ

# The Lokta

**Monthly Magazine**

2nd class Mail Reg. No. 6794

December/ਦਸੰਬਰ 1987 Vol. 12 No. 3

The Tug of War is Coming our Way!




# ਅਮਨ ਦੀ ਰੱਸਾ ਕਸ਼ੀ

(1976 ਤੋਂ ਛਪਦਾ ਆ ਰਿਹਾ ਪੰਜਾਬੀ ਦਾ ਸਾਹਿਤਕ ਅਤੇ ਆਮ ਜਾਣਕਾਰੀ ਦੇਣ ਵਾਲਾ ਮਾਸਕ ਪੱਤਰ)

LOKTA BOARD

MANAGER

Harkewal S. Dhaliwal 588-4279

PUBLISHER

Piara Singh Basi
588-7573

EDITORIAL BOARD

'Soofi' Amarjit 581-7811
Surinder S. Sangha 588-5217
Mohinder S. Soomel 327-6461
Gurnam Singh Sanghera 325-1662

CIRCULATION

Jaspal S. Sandhu 596-6984

ADVERTISEMENT

Amarjit Chatha 325-8006



The

# Lokta

P.O.BOX 67534 STN. 'O'
VANCOUVER, B.C. V5W 3T9

Monthly Magazine — 2nd class Mail Reg. No. 6794

VOL — 12 No. 3 December/ਦਸੰਬਰ 1987

ਡਾਕ ਰਾਹੀਂ : ਸਾਲਾਨਾ ਚੰਦਾ 10 ਡਾਲਰ
ਮੁੱਲ - 25 ਸੈਂਟ



LOKTA REPRESENTATIVE

| | |
|---|---|
| Ranjit S. Sandhu | Williams Lake (392-7405) |
| Surinder S. Johal | Edmonton (461-6073) |
| Nirmal S. Dhindsa | Brampton (453-8149) |
| Lehamber S. Pooni | Toronto (671-2296) |
| Rajinder S. Dhaliwal | Winnipeg (633-5229) |
| Hardev S. Rai | Calgary (293-3467 |
| Hakam S. Hans | Prince Rupert (624-3284 |
| Surjit S. Bopanrai | Quesnel (992-3849) |


## ਕੀ ਕਿੱਥੇ ਹੈ ?


ਐਡੀਟੋਰੀਅਲ — 3
ਪੰਜਾਬ ਬਾਰੇ — 6
ਅਤਿਵਾਦ ਸੀ. ਆਈ. ਏ. ਤੇ ਭਾਰਤ — 9
ਇਹ ਨੁਕਤਾਚੀਨੀ ਕਰਨ ਵਾਲੇ — 10
ਵੀਹ ਵੱਡੇ ਇਜਾਰੇਦਾਰ ਘਰਾਣੇ — 11
ਸਰਹੱਦ ਉਪਰ ਅਮਨ ਯਤਨ — 12
ਬੁਰਜੀਆ ਤੇ ਸਮਾਜਵਾਦੀ ਜਮਹੂਰੀਅਤ ਦਾ ਫਰਕ — 13
ਸਰ੍ਹੀ ਮਿਊਂਸਪਲ ਚੋਣਾਂ ਉਪਰ ਝਾਤ — 15
ਦੱਖਣੀ ਅਫਰੀਕਾ ਦਾ ਨਸਲਵਾਦ — 18
ਦਰਬਾਰਾ ਸਿੰਘ ਦੇ ਨਵੇਂ ਸੁਪਨੇ — 20
ਕਾਮਰੇਡ ਸ਼ੇਰ ਸਿੰਘ ਦਾ ਦਿਹਾਂਤ — 21
ਕਹਾਣੀ — 22
ਪੰਜਾਬ ਤੇ ਕੇਰਲ ਦਾ ਇਕਮੁੱਠਤਾ — 24
ਕਵਿਤਾਵਾਂ — 26-28
ਤੀਸਰਾ ਸੰਸਾਰ ਦੋ ਪਹੁੰਚਾ — 27
ਚੈਕੋਸਲਵਾਕੀਆ ਦੇਸ਼ ਭਗਤ ਦੀ 91 ਵਰ੍ਹੇ ਗੰਢ —


ਪੰਜਾਬ ਬਾਰੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦਾ
ਵਿਸ਼ੇਸ਼ ਲੇਖ ਅੰਦਰ ਪੜ੍ਹੋ

ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

ਸੰਪਾਦਕੀ

# ਸੰਸਾਰ ਅਮਨ ਵੱਲ ਸੁਚੱਜਾ ਕਦਮ

ਸੋਵੀਅਤ ਯੂਨੀਅਨ ਅਤੇ ਅਮਰੀਕਾ ਵਿਚਕਾਰ 7 ਦਸੰਬਰ 1987 ਨੂੰ ਨੇੜੇ ਅਤੇ ਦਰਮਿਆਨੀ ਦੂਰੀ ਉਪਰ ਮਾਰ ਕਰਨ ਵਾਲੇ ਐਟਮੀ ਹਥਿਆਰਾਂ ਦੇ ਖਾਤਮੇਂ ਦੇ ਪਹਿਲੇ ਪੜਾ ਉਪਰ ਦਸਤਖਤ ਕਰਨ ਦੀ ਜਿੰਨੀ ਪ੍ਰਸੰਸਾ ਕੀਤੀ ਜਾਵੇ ਉਨੀ ਹੀ ਥੋੜੀ ਹੈ। ਇਹ ਸੰਧੀ ਜੋ ਕਿ ਅਗੋਂ ਦੂਰ ਮਾਰ ਕਰਨ ਵਾਲੇ 50 ਫੀ ਸਦੀ ਐਟਮੀ ਹਥਿਆਰਾਂ ਦੇ ਖਾਤਮੇਂ ਵੱਲ ਪਹਿਲਾ ਕਦਮ ਹੋਵੇਗੀ, ਸੰਸਾਰ ਅਮਨ ਲਈ ਬੜੀ ਹੀ ਮਹੱਤਵਪੂਰਨ ਇਤਿਹਾਸਕ ਘਟਨਾ ਹੈ।

ਇਹ ਸੰਧੀ ਇਸ ਲਈ ਅਮਲ ਵਿਚ ਆ ਸਕੀ ਹੈ ਕਿ ਸੰਸਾਰ ਅਮਨ ਲਹਿਰ ਅਤੇ ਸੋਵੀਅਤ ਯੂਨੀਅਨ ਦੀ ਤੀਬਰ ਅਮਨ ਇਛਾ ਦੇ ਦਬਾ ਹੇਠ ਅਮਰੀਕੀ ਸਾਮਰਾਜ ਨੂੰ ਆਪਣੇ ਜੰਗਬਾਜ਼ ਇਰਾਦਿਆਂ ਤੋਂ ਪਿਛੇ ਹਟਣਾ ਪਿਆ। ਇਹ ਸੰਸਾਰ ਭਰ ਦੇ ਖਾਸ ਕਰਕੇ ਯੂਰਪ ਅਤੇ ਕੈਨੇਡਾ-ਅਮਰੀਕਾ ਦੇ ਲੱਖਾਂ-ਕਰੋੜਾਂ ਲੋਕਾਂ ਦੇ ਅਮਨ ਜਲੂਸਾਂ ਵਿਚ ਸ਼ਾਮਲ ਹੋਣ ਵਾਲਿਆਂ ਅਤੇ ਉਨ੍ਹਾਂ ਨੂੰ ਜਥੇਬੰਦ ਕਰਨ ਵਾਲਿਆਂ ਦੀ ਇਕ ਸ਼ਾਨਦਾਰ ਜਿੱਤ ਹੈ।

ਅਮਰੀਕੀ ਸਾਮਰਾਜ ਜੋ ਕਿ ਆਪਣੀ ਅਥਾਹ ਐਟਮੀ ਸ਼ਕਤੀ ਨਾਲ ਸਮਾਜਵਾਦੀ ਦੇਸ਼ਾਂ ਅਤੇ ਹੋਰ ਨਵੇਂ ਵਿਕਸਤ ਹੋ ਰਹੇ ਦੇਸ਼ਾਂ ਨੂੰ ਬਲੈਕ ਮੇਲ ਕਰਕੇ ਸੰਸਾਰ ਇਤਿਹਾਸ ਦਾ ਪਹੀਆ ਪੁੱਠਾ ਮੋੜਨਾ ਚਾਹੁੰਦਾ ਸੀ, ਜੋ ਸੋਵੀਅਤ ਯੂਨੀਅਨ ਨੂੰ ਇਕ 'ਪਾਪੀ ਰਾਜ' ਕਹਿ ਰਿਹਾ ਸੀ, ਅੱਜ ਮਜਬੂਰ ਹੋ ਕੇ ਇਤਿਹਾਸ ਦੇ ਬਹਾਓ ਨੂੰ ਪਰਵਾਨ ਕਰਦਾ ਹੈ।

ਅਮਰੀਕੀ ਸਾਮਰਾਜ 'ਸਟਾਰ ਵਾਰ' ਦੇ ਨਾਂ ਉਪਰ ਜਿਨ੍ਹਾਂ ਐਟਮੀ ਹਥਿਆਰਾਂ ਨੂੰ ਵਿਕਸਤ ਕਰਕੇ, ਆਕਾਸ਼ ਨੂੰ ਜੰਗੀ ਦੌ... ਦਾ ਮੈਦਾਨ ਬਣਾਉਣਾ ਚਾਹੁੰਦਾ ਸੀ, ਸੰਸਾਰ ਦੀਆਂ ਅਮਨ ਸ਼ਕਤੀਆਂ ਅਤੇ ਸਮਾਜਵਾਦ ਦੀ ਲਹਿਰ ਉਪਰ ਇਕ ਸਦੀਵੀ ਤਲਵਾਰ ਲਟਕਾਉਣਾ ਚਾਹੁੰਦਾ ਸੀ, ਇਸ ਸਟਾਰ ਵਾਰ ਦੇ ਖਰਚਿਆਂ ਦੇ ਭਾਰ ਹੇਠ ਹੀ ਅਜਿਹਾ ਦੱਬ ਹੋਇਆ ਕਿ ਇਸ ਦੇ ਡਾਲਰ ਦਾ ਮੁੱਲ ਹੇਠਾਂ ਡਿਗਦਾ ਹੋਇਆ "ਸਟਾਕ ਮਾਰਕੀਟ ਕਰੈਸ਼" ਦੇ ਰੂਪ ਵਿਚ ਮੂੰਹ ਭਾਰ ਡਿੱਗ ਪਿਆ।

ਵੈਨਕੂਵਰ ਵਿਚਲੀ 'ਏਂਡ ਦੀ ਆਰਮਜ਼ ਰੇਸ' ਕਮੇਟੀ ਦਾ ਇਹ ਨਾਅਰਾ ਕਿ ਹਥਿਆਰਾਂ ਉਪਰ ਕੀਤੇ ਜਾਣ ਵਾਲੇ ਖਰਚ 'ਮਨੁੱਖੀ ਲੋੜਾਂ' ਲਈ ਕੀਤੇ ਜਾਣੇ ਚਾਹੀਦੇ ਹਨ ਅਤੀ ਢੁਕਮਾ ਸਾਰਥਕ ਨਾਅਰਾ ਹੈ।

**7 ਦਸੰਬਰ ਨੂੰ ਹੋਣ ਵਾਲੀ ਇਤਿਹਾਸਕ ਅਮਨ ਸੰਧੀ ਸੰਸਾਰ ਭਰ ਦੇ ਅਮਨ ਇੱਛਕ ਲੋਕਾਂ ਦੀ ਵੱਡੀ ਜਿੱਤ ਹੈ ਅਤੇ ਸੰਸਾਰ ਦੀਆਂ ਜੰਗਬਾਜ਼ ਕਾਲੀਆਂ ਸ਼ਕਤੀਆਂ ਦੀ ਵੱਡੀ ਹਾਰ ਹੈ।**

ਅਸੀਂ ਇਸ ਇਤਿਹਾਸਕ ਮੌਕੇ ਉਪਰ 'ਲੋਕਤਾ' ਵਲੋਂ ਮਨੁੱਖਤਾ ਦੇ ਉਜਲੇ ਭਵਿਖ ਦੀ ਕਾਮਨਾ ਕਰਦੇ ਹੋਏ ਖੁਸ਼ੀਆਂ ਵਿਚ ਘਿਉ ਦੇ ਦੀਵੇ ਬਾਲ ਕੇ ਇਸ ਸੁਚੱਜੇ ਕਦਮ ਦਾ ਨਿੱਘਾ ਸੁਆਗਤ ਕਰਦੇ ਹਾਂ।

# ਫਰੀ ਟਰੇਡ ਦੀ ਬਿੱਜ ਡਿੱਗੀ ਕਿ ਡਿੱਗੀ

ਕੈਨੇਡਾ ਦੀ ਮਲਰੂਨੀ ਸਰਕਾਰ, ਅਮਰੀਕਾ ਨਾਲ ਫਰੀ ਟਰੇਡ ਦੀ ਸੰਧੀ ਕਰਨ ਉਪਰ ਬਜ਼ਿੱਦ ਹੈ। ਜਿਸ ਲਈ ਉਸ ਵਲੋਂ ਸਾਰੀ ਗੱਲਬਾਤ ਅਮਰੀਕਾ ਨਾਲ ਲਗਪਗ ਮੁਕਾ ਲਈ ਹੈ। ਅਗਲੇ ਸਾਲ ਜਨਵਰੀ ਤੋਂ ਫਰੀ ਟਰੇਡ ਦੀ ਇਹ ਸੰਧੀ ਪੜਾ ਦਰ ਪੜਾ ਆਉਂਦੇ ਸਾਲਾਂ ਵਿਚ ਲਾਗੂ ਕੀਤੀ ਜਾਵੇਗੀ।

ਇਸ ਸੰਧੀ ਦੇ ਵਿਰੁੱਧ ਕੈਨੇਡਾ ਦੀ ਵੱਡੀ ਭਾਰੀ ਬਹੁਗਿਣਤੀ-ਲੋਕ ਵਿਰੋਧਤਾ ਕਰ ਰਹੇ ਹਨ। ਵਿਰੋਧੀ ਪਾਰਟੀਆਂ ਲਿਬਰਲ ਅਤੇ ਐਨ. ਡੀ. ਪੀ. ਤੋਂ ਬਿਨਾਂ ਸਾਰੇ ਦੇਸ਼ ਦੀ ਟਰੇਡ ਯੂਨੀਅਨ ਲਹਿਰ ਜਿਸ ਵਿਚ 40 ਫੀਸਦੀ ਦੇ ਕਰੀਬ ਲੋਕ ਹਨ ਇਸ ਫਰੀ ਟਰੇਡ ਦਾ ਵਿਰੋਧ ਕਰ ਰਹੇ ਹਨ। ਉਹ ਜਿਹੜੇ ਟਰੇਡ ਯੂਨੀਅਨ ਦੇ ਮੈਂਬਰ ਨਹੀਂ ਹਨ, ਜੋ ਪਹਿਲਾਂ ਹੀ ਬਹੁਤ ਘੱਟ ਤਨਖਾਹਾਂ ਉਪਰ ਕੰਮ ਕਰ ਰਹੇ ਹਨ, ਇਹੋ ਨਹੀਂ ਕਿ ਉਨ੍ਹਾਂ ਦੀਆਂ ਤਨਖਾਹਾਂ ਹੋਰ ਘਟ ਜਾਣਗੀਆਂ, ਸਗੋਂ ਉਨ੍ਹਾਂ ਦੇ ਕੰਮਾਂ ਦਾ ਭੋਗ ਹੀ ਪੈ ਜਾਵੇਗਾ।

ਫਰੀ ਟਰੇਡ ਦੀ ਸੰਧੀ ਹਾਲੇ ਅਗਲੇ ਸਾਲ ਤੋਂ ਲਾਗੂ ਕੀਤੀ ਜਾਣੀ ਹੈ, ਫੈਕਟਰੀਆਂ ਬੰਦ ਹੋਣੀਆਂ ਸ਼ੁਰੂ ਹੋ ਗਈਆਂ ਹਨ। ਜਨਰਲ ਮੋਟਰਜ਼ ਨੇ 30,000 ਬੰਦਿਆਂ ਦੀ ਲੇਅ-ਆਫਿ ਦਾ ਫਰਮਾਨ ਜਾਰੀ ਕਰ ਵੀ ਦਿੱਤਾ ਹੈ। ਰੇਲਵੇ, ਹਵਾਈ ਸੇਵਾ, ਸੀ. ਬੀ. ਸੀ. ਆਦਿ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣ ਦੀਆਂ ਸਕੀਮਾਂ ਨੂੰ ਲਾਗੂ ਕਰਨ ਲਈ 'ਡੀਰੈਗੂਲੇਸ਼ਨ' ਨੂੰ ਪੈਰੋ ਪੈਰ ਲਾਗੂ ਕੀਤਾ ਜਾ ਰਿਹਾ ਹੈ।

ਫਰੀ ਟਰੇਡ ਦੀ ਸਭ ਤੋਂ ਪਹਿਲੀ ਸੱਟ ਤਾਂ ਭਾਵੇਂ ਇੰਡਸਟਰੀ ਦੇ ਹਰ ਖੇਤਰ ਵਿਚ ਹੀ ਦਸਖਤ ਹੋਣ ਸਾਰ ਪੈਣੀ ਆਰੰਭ ਹੋ ਜਾਵੇਗੀ ਪਰ ਸਭ ਤੋਂ ਵੱਡੀ ਸੱਟ ਕੈਨੇਡਾ ਦੇ ਫਾਰਮਰਾਂ ਉਪਰ ਪਵੇਗੀ। ਇਹ ਫਾਰਮਰ ਭਾਵੇਂ ਓਕਾਨਾਗਨ ਦੇ ਫਰੂਟ ਬਾਗਾਂ ਦੇ ਹੋਣ ਤੇ ਭਾਵੇਂ ਫਰੇਜ਼ਰ ਵੈਲੀ ਦੇ ਬੇਰੀਆਂ ਦੇ ਫਾਰਮਰ ਹੋਣ। ਅਲਬਰਟਾ, ਸਸਕੈਚਵਨ ਤੇ ਮੈਨੀਟੋਬਾ ਦੇ ਅਨਾਜ ਦੇ ਫਾਰਮਰ ਵੀ ਇਸ ਦੀ ਲਪੇਟ ਵਿਚ ਆ ਜਾਣੇ ਹਨ।

ਫਾਰਮਾਂ ਤੋਂ ਬਿਨਾਂ ਫਾਰਮਾਂ ਵਿਚ ਦਿਹਾੜੀ ਉਪਰ ਕੰਮ ਕਰਨ ਵਾਲੇ ਲੋਕ ਇਸ ਦੇ ਹੋਰ ਵੀ ਵੱਡੇ ਸ਼ਿਕਾਰ ਹੋਣਗੇ। ਸਾਡੀ ਭਾਰਤੀ ਕਮਿਊਨਿਟੀ ਦੇ ਹਜ਼ਾਰਾਂ ਹੀ ਪਰਵਾਰਾਂ ਦਾ ਜੀਵਨ ਫਾਰਮਾਂ ਦੇ ਸੀਜ਼ਨਲ ਕੰਮ ਉਪਰ ਨਿਰਭਰ ਕਰਦਾ ਹੈ, ਜੋ ਕਿ ਇਸ ਦੇ ਹੱਥੋਂ ਚਲੇ ਜਾਣ ਨਾਲ ਹਮੇਸ਼ਾ ਲਈ ਵਿਹਲੇ ਹੋ ਜਾਣਗੇ। ਇਹ ਭਾਰਤੀ ਲੋਕ ਕਿਧਰੇ ਹੋਰ ਪਾਸੇ ਵੀ ਕੰਮਾਂ ਉਪਰ ਨਹੀਂ ਜਾ ਸਕਣਗੇ, ਕਿਉਂਕਿ ਫਾਰਮਾਂ ਵਰਗਾ ਔਖਾ ਕੰਮ ਤਾਂ ਇਹ ਪਹਿਲਾਂ ਤਦ ਹੀ ਕਰ ਰਹੇ ਹਨ ਕਿ ਹੋਰ ਕਿਧਰੇ ਕੋਈ ਕੰਮ ਮਿਲਦਾ ਨਹੀਂ ਹੈ। ਹੋਰ ਪਾਸਿਆਂ ਉਪਰ ਫੈਕਟਰੀਆਂ ਦੇ ਬੰਦ ਹੋਣ ਨਾਲ ਤਾਂ ਸੰਭਾਵਨਾਵਾਂ ਹੋਰ ਵੀ ਘਟ ਜਾਣੀਆਂ ਹਨ।

ਕੈਨੇਡਾ ਲੇਬਰ ਕਾਂਗਰਸ ਦੇ ਅਨੁਮਾਨ ਅਨੁਸਾਰ ਕੋਈ ਦਸ ਲੱਖ ਤੋਂ ਵੱਧ ਲੋਕ ਬੇਰੁਜ਼ਗਾਰੀ ਦੀ ਗਾਰ ਵਿਚ ਡਿਗ ਪੈਣਗੇ।

ਸਵਾਲ ਉਠਦਾ ਹੈ ਕਿ ਜੇਕਰ ਫਰੀ ਟਰੇਡ ਦੇ ਅਜਿਹੇ ਭਿਆਨਕ ਸਿੱਟੇ ਹਨ ਤਾਂ ਮਲਰੂਨੀ ਸਰਕਾਰ ਇਸ ਨੂੰ ਕਿਉਂ ਲਾਗੂ ਕਰਨ ਲਈ ਜ਼ੋਰ ਲਾ ਰਹੀ ਹੈ। ਉਤਰ ਇਹੋ ਹੈ ਕਿ ਸਰਕਾਰ ਵੱਡੀਆਂ ਕੰਪਨੀਆਂ ਦੇ ਮੁਨਾਫਿਆਂ ਦੀ ਖਾਤਰ ਅਜਿਹਾ ਕਰ ਰਹੀ ਹੈ ਜੋ ਕੈਨੇਡਾ ਦੀਆਂ ਕਾਨਾਂ ਦੇ ਮਾਲਕ ਹਨ, ਪੈਟਰੋਲੀਅਮ ਦੇ ਭੰਡਾਰਾਂ ਦੇ ਮਾਲਕ ਹਨ। ਉਨ੍ਹਾਂ ਲਈ ਅਮਰੀਕਾ ਦੀ ਮਾਰਕੀਟ ਮਿਲ ਜਾਵੇਗੀ ਅਤੇ ਅਮਰੀਕਾ ਦਾ ਰੋਜ਼ ਵਰਤੋਂ ਦਾ ਸਾਮਾਨ ਕੈਨੇਡਾ ਦੀ ਮਾਰਕੀਟ ਵਿਚ

ਵੇਚਣ ਲਈ ਬੂਹੇ ਖੁਲ੍ਹ ਜਾਣਗੇ, ਜਿਸ ਨਾਲ ਇਥੇ ਬਣਦਾ ਮਾਲ ਬੰਦ ਹੋ ਜਾਵੇਗਾ ਕਿਉਂਕਿ ਅਮਰੀਕਾ ਵਿਚ ਕਾਮਿਆਂ ਨੂੰ ਘੱਟ ਤਨਖਾਹ ਮਿਲਣ ਕਾਰਨ ਮਾਲ ਉਪਰ ਲਾਗਤ ਘੱਟ ਆਉਂਦੀ ਹੈ। ਏਧਰ ਕੈਨੇਡਾ ਵਿਚ ਅਮਰੀਕਾ ਦੀ ਨਿਸਬਤ ਲਾਗਤ ਵਧ ਆਉਂਦੀ ਹੈ। ਇਸ ਦਾ ਹੋਰ ਸੰਖੇਪ ਉਤਰ ਇਹ ਹੈ ਕਿ ਸਰਮਾਏਦਾਰਾਂ ਦੇ ਹਿਤਾਂ ਲਈ ਕੰਮ ਕਰਨ ਵਾਲੀ ਮਲਰੂਨੀ ਸਰਕਾਰ ਨੂੰ ਆਮ ਲੋਕਾਂ ਨਾਲ ਕੋਈ ਹਮਦਰਦੀ ਨਹੀਂ ਹੈ।

ਵਿਰੋਧੀ ਪਾਰਟੀਆਂ, ਟਰੇਡ ਯੂਨੀਅਨਾਂ ਅਤੇ ਆਮ ਲੋਕ ਮੰਗ ਕਰ ਰਹੇ ਹਨ ਕਿ ਸਰਕਾਰ ਦਾ ਕੋਈ ਵੀ ਸਦਾਚਾਰਕ ਹੱਕ ਨਹੀਂ ਕਿ ਉਹ ਫਰੀ ਟਰੇਡ, ਲੋਕਾਂ ਦੀ ਸਹਿਮਤੀ ਤੋਂ ਬਿਨਾਂ ਕਰੇ। ਇਸ ਲਈ ਸਰਕਾਰ ਨੂੰ ਇਸ ਉਪਰ ਰੈਫਰੈਂਡਮ ਜਾਂ ਚੋਣਾਂ ਕਰਵਾਉਣੀਆਂ ਚਾਹੀਦੀਆਂ ਹਨ। ਪਰ ਮਿ: ਮਲਰੂਨੀ ਨੇ 26 ਨੰਬਰ ਦੀ ਪ੍ਰੀਮੀਅਰਾਂ ਦੀ ਮੀਟਿੰਗ ਵਿਚ ਕਹਿ ਦਿੱਤਾ ਹੈ ਕਿ ਲੋਕ ਪਸੰਦ ਕਰਨ ਚਾਹੇ ਨਾ ਕਰਨ, ਫਰੀ ਟਰੇਡ ਹੋ ਕੇ ਰਹੇਗਾ।

ਇਸ ਲਈ ਹੁਣ ਇਹ ਕਹਿਰ ਕੈਨੇਡਾ ਦੇ ਲੋਕਾਂ ਉਪਰ ਵਾਪਰ ਕੇ ਹੀ ਰਹੇਗਾ। ਪਰ ਇਸ ਵਿਰੁਧ ਦ੍ਰਿੜ ਜਦੋ ਜਹਿਦ ਤੋਂ ਬਿਨਾਂ ਕੋਈ ਰਾਹ ਨਹੀਂ ਹੈ।

ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਨੂੰ ਚਾਹੀਦਾ ਹੈ ਕਿ ਉਹ ਫਰੀ ਟਰੇਡ ਦੇ ਮਾਰੂ ਪ੍ਰਭਾਵਾਂ ਤੋਂ ਫਾਰਮ ਵਰਕਰਾਂ ਨੂੰ ਜਾਣੂੰ ਕਰਵਾਉਣ ਅਤੇ ਇਕ ਤਕੜਾ ਸ਼ਕਤੀਸ਼ਾਲੀ ਮੁਜ਼ਾਹਰਾ ਜਥੇਬੰਦ ਕਰਨ ਇਸ ਦੇ ਲਈ ਛੋਟੇ ਫਾਰਮਰਾਂ ਨੂੰ ਅਤੇ ਹੋਰ ਲੋਕਾਂ ਨੂੰ ਵੀ ਇਸ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਣਾ ਚਾਹੀਦਾ ਹੈ। ਕਿਉਂਕਿ ਸਾਡੀ ਕਮਿਊਨਿਟੀ ਇਸ ਦੀ ਸਭ ਤੋਂ ਵੱਡੀ ਸ਼ਿਕਾਰ ਬਣੇਗੀ।

# ਸਾਥੀ ਕਰਨੈਲ ਸਿੰਘ ਰਾਮੂਵਾਲੀਆ ਦਾ ਲੋਕਤਾ ਦੇ ਨਾਂ ਇਕ ਪੱਤਰ

ਐਡੀਟੋਰੀਅਲ ਬੋਰਡ ਲੋਕਤਾ ਜੀਓ

ਜੈ ਜਨਤਾ

ਮੈਂ ਆਪ ਜੀ ਦਾ ਬੜਾ ਹੀ ਧੰਨਵਾਦੀ ਹਾਂ ਕਿ ਆਪ ਜੀ ਮੈਨੂੰ ਜਨਤਾ ਦਾ ਤਰਜਮਾਨ ਅਤੇ ਅਗੇ ਵਧੂ ਰਸਾਲਾ 'ਲੋਕਤਾ' ਲਗਾਤਾਰ ਭੇਜ ਰਹੇ ਹੋ।

ਬੇਖੌਫ ਤੇ ਬੇਗਰਜ਼ ਬੋਰਡ ਦੇ 'ਕੱਲੇ 'ਕੱਲੇ ਮੈਂਬਰ ਨੂੰ ਮੇਰੀ ਚੜ੍ਹਦੇ ਸੂਰਜ-ਰੰਗੀ ਸੁਰਖ ਸਲਾਮ।

ਜੋ ਕੁਝ ਤੁਸੀਂ ਮਜ਼ਬੀ ਜਨੂੰਨ, ਅੰਧਵਿਸ਼ਵਾਸ਼ ਅਤੇ ਪ੍ਰਤਿਗਾਮੀ ਮੂਰਖ ਸ਼ਕਤੀਆਂ ਦੇ ਵਿਰੁਧ ਨਿਡਰਤਾ ਨਾਲ ਲਿਖਦੇ ਹੋ, ਮੈਂ ਇਸ ਦੀ ਮੁਬਾਰਕ ਅਤੇ ਦਾਦ ਦਿੰਦਾ ਹਾਂ।

ਤੁਸੀਂ ਕੇਵਲ ਮਾਰਕਸਵਾਦ ਦੇ ਹੀ ਨਹੀਂ, ਬਲਕਿ ਦਸਾਂ ਗੁਰੂਆਂ ਦੀ ਅਸਲੀ ਸਿਖਿਆ ਦੇ ਵੀ ਝੰਡਾ ਬਰਦਾਰ ਹੋ।

ਆਪ ਜੀ ਕੱਟੜ ਫਿਰਕਾਪ੍ਰਸਤੀ ਦੇ ਅੰਧੇਰੇ ਤੂਫਾਨਾਂ ਵਿਚ ਵੀ ਜੋਤ ਨੂੰ ਕੇਵਲ ਜਗਦੀ ਹੀ ਨਹੀਂ ਰਖ ਰਹੇ, ਸਗਵਾਂ ਪ੍ਰਚੰਡ ਕਰ ਰਹੇ ਹੋ।

ਦੋ ਢਾਈ ਸਾਲ ਪਹਿਲਾਂ ਨੱਬੇ ਫੀਸਦੀ ਅਖੌਤੀ ਅਗੇਵਧੂ ਲਿਖਾਰੀਆਂ ਨੇ ਵੀ ਕਲਮਾਂ ਦੀਆਂ ਨੋਕਾਂ ਤੇ ਕੁਹਾੜੀਆਂ ਬੰਨ੍ਹ ਲਈਆਂ ਸਨ ਅਤੇ ਮਾਨਵਤਾ ਦਾ ਘਾਣ ਲਾਹੁਣਾ ਸ਼ੁਰੂ ਕਰ ਦਿਤਾ ਸੀ। ਪਰ ਆਫਰੀਨ ਹੈ ਕਿ ਤੁਹਾਡੀ ਕਲਮ ਦੀ ਕਿਸ਼ਤੀ ਤਲਵਾਰਾਂ ਦੇ ਸਮੁੰਦਰ ਦੀਆਂ ਮਾਰੂ ਲਹਿਰਾਂ ਵਿਚ ਵੀ ਨਾ ਡੋਲੀ। ਹੁਣ ਦੇਖ ਲਓ ਉਨ੍ਹਾਂ ਦੀਆਂ ਤਲਵਾਰਾਂ, ਕਲਮਾਂ ਤੋਂ ਮੁਆਫੀ ਮੰਗ ਰਹੀਆਂ ਹਨ।

ਤੁਹਾਡੀ ਅਸ਼ਟਭੁਜੀ ਕਲਮ ਧਮਕੀਆਂ, ਜਿਸਮਾਨੀ-ਹਮਲਿਆਂ ਅਤੇ ਹੋਰ ਵਿਰੋਧਾਂ ਦੇ ਬਾਵਜੂਦ ਫਾਰਮ-ਕਾਮਿਆਂ, ਫੈਕਟਰੀ ਮਜ਼ਦੂਰਾਂ, ਨਸਲਵਾਦੀਆਂ ਤੇ ਵੇਲਾ ਵਿਹਾ ਚੁੱਕੀਆਂ ਤਮਾਮ ਲਾਅਨਤਾਂ ਦੇ ਖਿਲਾਫ ਸੂਰਮਾ-ਯੁਧ ਲੜ ਰਹੀ ਹੈ।

ਇਕ ਬਾਰ ਫੇਰ ਮੈਂ ਤਿਹੱਤਰ-ਸਾਲਾ ਅਦਨਾ ਲੋਕ ਲਿਖਾਰੀ ਆਪ ਜੀ ਦੀ ਟੈਂਕ-ਤੋੜੂ ਕਲਮ ਨੂੰ ਸੀਸ ਨਿਵਾਉਂਦਾ ਹਾਂ।

ਆਪ ਜੀ ਦਾ ਪ੍ਰਸ਼ੰਸਕ ਅਤੇ ਸਮਰਥਕ

ਕਰਨੈਲ ਸਿੰਘ ਰਾਮੂਵਾਲੀਆ, ਟਰਾਂਟੋ।


**BERNARD SIMPSON & COMPANY**

PRACTICE **RESTRICTED** TO INJURIES SUFFERED DUE TO
**CAR ACCIDENTS (ICBC CLAIMS)**

ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

HANDLING CAR ACCIDENTS FOR OVER 15 YEARS

CONTINGENCY FEES AVAILABLE
(IF NO RECOVERY NO LEGAL FEE)

NO CHARGE FOR INITIAL CONSULTATION

SITUATED IN THE AUTOMOBILE ASSOCIATION BUILDING

**734-2272**

999 West Broadway, Vancouver, B.C. V5Z 1K5

# ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਲਈ

ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਕੰਮ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅਤੇ ਹੋਰ ਇਤਿਹਾਸਕ ਗੁਰਦਵਾ-ਰਿਆਂ ਦਾ ਪ੍ਰਬੰਧ ਚਲਾਉਣਾਹੇ ਅਤੇ ਇਸਗੱਲ ਦੀ ਗਰੰਟੀ ਲੈਣਾ ਹੈ ਕਿ ਸਬੰਧਤ ਧਾਰਮਕ ਅਸਥਾਨਾ ਅੰਦਰ ਕੋਈ ਵੀ ਮਾੜੀ ਘਟਨਾ ਨਾ ਹੋਵੇ ਅਤੇ ਸ਼ਰਧਾਲੂ ਬਿਨਾਂ ਕਿਸੇ ਡਰ ਭੈ ਦੇ ਧਾਰਮਕ ਅਸ-ਥਾਨਾਂ ਦੇ ਦਰਸ਼ਨ ਕਰ ਸਕਣ ਅਤੇ ਰਾਤ ਸਮੇਂ ਸਰਾਵਾਂ ਆਦਿ ਅੰਦਰ ਖੁਸ਼ੀ ਖੁਸ਼ੀ ਰੈਣ ਬਸੇਰਾ ਕਰ ਸਕਣ। ਪਰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਪਿਛਲੇ ਕੁਝ ਸਾਲਾਂ ਤੋਂ ਆਪਣੇ ਇਹ ਫਰਜ਼ ਨਿਭਾ ਨਹੀਂ ਰਹੀ।

16 ਅਕਤੂਬਰ 1987 ਨੂੰ ਅਨੰਦਪੁਰ ਸਾਹਿਬ ਵਿਖੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਦੀ ਚੋਣ ਲਈ ਜਨਰਲ ਅਜਲਾਸ ਬੁਲਾਇਆ ਗਿਆ ਸੀ। ਇਸ ਮੌਕੇ ਉੱਤੇ ਸੰਯੁਕਤ ਅਕਾਲੀ ਦਲ ਦੇ ਹਮਾਇਤੀਆਂ ਨੇ ਬਰਨਾਲਾ ਧੜੇ ਦੇ ਮੈਂਬਰਾਂ ਨੂੰ ਗੁਰਦਵਾਰੇ ਅੰਦਰ ਮੀਟਿੰਗ ਵਾਲੀ ਥਾਂ ਤੇ ਜਾਣ ਤੋਂ ਰੋਕਣ ਲਈ ਕੁੱਟ ਮਾਰ ਕਰਨ ਦੇ ਹੱਥ-ਕੰਡੇ ਅਪਣਾਏ ਤੇ ਇਸ ਤਰਾਂ ਦੀ ਲੜਾਈ ਵਿਚ ਕੁਝ ਅਕਾਲੀ ਆਗੂ ਜ਼ਖਮੀ ਵੀ ਹੋਏ। ਇਸ ਤਰਾਂ ਦੀ ਅਵਸਥਾ ਵਿਚ ਦੋਹਾਂ ਹੀ ਧੜਿਆਂ ਨੇ ਆਪਣੀਆਂ ਅੱਡ ਅੱਡ ਮੀਟਿੰਗਾਂ ਕਰਕੇ ਨਵੇਂ ਅਹੁਦੇਦਾਰ ਚੁਣ ਲਏ। ਦੋ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਬਣ ਗਈਆਂ। ਦੋਵੇਂ ਧੜੇ ਹੀ ਆਪਣੇ ਨਾਲ ਬਹੁ-ਸੰਮਤੀ ਹੋਣ ਦਾ ਦਾਅਵਾ ਕਰਦੇ ਹਨ। ਦੋਹਾਂ ਹੀ ਧੜਿਆਂ ਨੇ ਆਪਣੇ ਆਪਣੇ ਅਹੁਦੇਦਾਰਾਂ ਦੀ ਸੂਚੀ ਸਰਕਾਰ ਨੂੰ ਨੋਟੀਫੀਕੇਸ਼ਨ ਲਈ ਭੇਜ ਰਖੀ ਹੈ। ਦੂਜੇ ਪਾਸੇ ਹਕੀਕਤ ਇਹ ਹੈ ਕਿ ਨਾਮ-ਨਿਹਾਦ ਪੰਥਕ ਕਮੇਟੀ ਇਹਨਾਂ ਦੋਹਾਂ ਨੂੰ ਹੀ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਦੇ ਲਾਗੇ ਨਹੀਂ ਲੱਗਣ ਦਿੰਦੀ।

ਪਹਿਲੀ ਗੱਲ ਤਾਂ ਇਹ ਸੀ ਕਿ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਚੋਣ ਹੀ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਵਿਚ ਹੋਣੀ ਚਾਹੀਦੀ ਸੀ। ਪਰ ਅੱਤਵਾਦੀਆਂ ਤੋਂ ਡਰਦੇ ਅਕਾਲੀ ਆਗੂ ਆਪਣਾ ਡੇਰਾ-ਡੰਡਾ ਅਨੰਦਪੁਰ ਸਾਹਿਬ ਵਿਖੇ ਲੈ ਗਏ ਅਤੇ ਓਥੋਂ ਦੋਹਾਂ ਨੇ ਹੀ ਆਪੋ ਆਪਣੇ ਪਰਧਾਨ ਚੁਣਨ ਦਾ ਐਲਾਨ ਕਰ ਦਿੱਤਾ।

ਕੀ ਪਰਧਾਨਾਂ ਅਤੇ ਹੋਰ ਅਹੁਦੇਦਾਰਾਂ ਦਾ ਇਹ ਫਰਜ਼ ਨਹੀਂ ਸੀ ਬਣ ਜਾਂਦਾ ਕਿ ਉਹ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਆਉਂਦੇ ਅਤੇ ਆਪਣੇ ਸਿਰ ਪਈਆਂ ਜ਼ੁਮੇਂਵਾਰੀਅ ਨਿਭਾਉਂਦੇ ? ਪਰ ਹਾਲੇ ਤੱਕ ਕਿਸੇ ਵੀ ਧੜੇ ਨੇ ਆਪਣੀ ਜ਼ੁਮੇਂ-ਵਾਰੀ ਨਹੀਂ ਨਿਭਾਈ।

ਦੁਖਦਾਇਕ ਗੱਲ ਇਹ ਹੈ ਕਿ ਹਾਲੇ ਤੱਕ ਕਿਸੇ ਵੀ ਅਕਾਲੀ ਧੜੇ ਦੇ ਸਿਰ ਵਿਚ ਇਹ ਗੱਲ ਨਹੀਂ ਪਈ ਕਿ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅਤੇ ਹੋਰ ਗੁਰਦਵਾਰਿਆਂ ਨੂੰ ਅੱਤ-ਵਾਦੀ ਤੱਤਾਂ ਦੇ ਕਬਜ਼ੇ ਵਿਚੋਂ ਕੱਢਣਾ ਹੈ, ਅਥਵਾ ਉਹਨਾਂ ਨੂੰ ਓਥੋਂ ਭਜਾਉਣਾ ਹੈ।

ਨਾਮ-ਨਿਹਾਦ ਪੰਥਕ ਕਮੇਟੀ ਨੇ ਖੁਲ੍ਹੇ-ਆਮ ਇਕ ਬਿਆਨ ਜਾਰੀ ਕੀਤਾ ਸੀ ਕਿ ਅਕਾਲ ਤਖਤ ਦੇ ਜਥੇਦਾਰ ਪ੍ਰੋ: ਦਰਸ਼ਨ ਸਿੰਘ ਨੂੰ ਮੁੜ ਦਰਬਾਰ ਸਾਹਿਬ ਕੰਪਲੈਕਸ ਵਿਚ ਆਉਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

ਦੂਜੇ ਸ਼ਬਦਾਂ ਵਿਚ ਇਹ ਅਨੰਦਪੁਰ ਸਾਹਿਬ ਵਿਖੇ ਦੋ ਮੁਕਾਬਲੇ ਦੀਆਂ ਬਣੀਆਂ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇ-ਟੀਆਂ ਦੇ ਪਰਧਾਨਾਂ ਅਤੇ ਹੋਰ ਅਹੁਦੇਦਾਰਾਂ ਲਈ ਵੀ ਤਾੜਨਾ ਸੀ ਕਿ ਉਹਨਾਂ ਨੂੰ ਵੀ ਏਥੇ ਨਹੀਂ ਆਉਣ ਦਿੱਤਾ ਜਾਵੇਗਾ।

ਨਾਮ-ਨਿਹਾਦ ਪੰਥਕ ਕਮੇਟੀ ਦੇ ਇਸ ਤਰਾਂ ਦੇ ਬਿਆਨਾਂ ਬਾਰੇ ਦੋਵੇਂ ਹੀ ਅਕਾਲੀ ਧੜੇ ਚੁੱਪ ਕਿਉਂ ਹਨ ? ਕੀ ਉਹਨਾਂ ਲਈ ਇਹ ਜ਼ਰੂਰੀ ਨਹੀਂ ਬਣ ਜਾਂਦਾ ਕਿ ਉਹ ਆਪਣਾਂ ਸਟੈਂਡ ਸਪਸ਼ਟ ਕਰਨ ?

ਕੀ ਦੋਹਾਂ ਹੀ ਅਕਾਲੀ ਦਲਾਂ ਦਾ ਇਹ ਫਰਜ਼ ਨਹੀਂ ਬਣ ਜਾਂਦਾ ਕਿ ਉਹ ਆਮ ਸਿੱਖ ਜਨਤਾ ਨੂੰ ਇਹ ਗੱਲ ਦਸਣ ਕਿ ਅਕਾਲ ਤਖਤ ਦਾ ਐਕਟਿੰਗ ਜਥੇਦਾਰ ਕੌਣ ਹੈ ?

ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਚੋਣ ਸਮੇਂ ਦੋਹਾਂ ਹੀ ਅਕਾਲੀ ਦਲਾਂ ਨੂੰ ਮੁੱਦਾ ਇਹ ਬਨਾਉਣਾ ਚਾਹੀਦਾ ਸੀ ਕਿ ਅੱਤਵਾਦੀ ਤੱਤਾਂ ਨੂੰ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਵਿਚੋਂ ਕਿਵੇਂ ਬਾਹਰ ਕਢਣਾ ਹੈ। ਪਰ ਇਸ ਰਾਹ ਤੁਰਨ ਦੀ ਥਾਂ ਉਹ ਆਪਸੀ ਟੱਕਰਾ ਵੱਲ ਤੁਰ ਗਏ।

ਲੋੜ ਤਾਂ ਇਸ ਗੱਲ ਦੀ ਸੀ ਕਿ ਅਕਾਲੀ ਆਗੂ ਬੀਤੇ ਤੋਂ ਸਬਕ ਸਿਖ ਦੇ ਅਤੇ ਉਹਨਾਂ ਤੱਤਾਂ ਨਾਲੋਂ ਸਪੱਸ਼ਟ ਨਬੇੜਾ ਕਰਦੇ ਜਿਹੜੇ ਕਿ ਦੇਸ ਧਰੋਹੀ ਬਿਆਨਬਾਜ਼ੀ ਕਰ ਰਹੇ ਹਨ, ਪਰ ਇਸ ਸਭ ਕੁਝ ਬਾਰੇ ਅਕਾਲੀ ਆਗੂਆਂ ਨੇ ਚੁੱਪ ਧਾਰਨ ਕਰ ਰਖੀ ਹੈ।

ASHOKA TRADING CO. LTD.

*6621 MAIN STREET, VANCOUVER. B.C.*

**324-7521**

• ਕਢਾਈ ਵਾਲੀਆਂ ਅਤੇ ਸਿਲਕ ਦੀਆਂ ਵਧੀਆ ਸਾੜ੍ਹੀਆਂ ਭਾਰਤ ਤੋਂ ਅਤੇ ਪ੍ਰਿੰਟਿਡ ਅਤੇ ਪਲੇਨ ਸਾੜ੍ਹੀਆਂ ਜਾਪਾਨ ਤੋਂ ਸਿੱਧੀਆਂ ਮੰਗਵਾਈਆਂ ਜਾਂਦੀਆਂ ਹਨ। **ਕੇਵਲ ਹੋਲ ਸੇਲ ਤੇ ਖ੍ਰੀਦਣ ਲਈ ਫੂਨ ਕਰੋ**

INDIAN SILK SAREES & SUITS
JAPANEEESE SUITS & SAREES
COSTUME JEWELLERY

WAREHOUSE ADDRESS:
# 102 - 8185 MAIN ST., VANCOUVER. B.C.
TEL: (604) 321 - 4506



*WORLD WIDE IMPORTS IN FABRICS, SAREES & JEWELLERY WHOLESALE & RETAIL*

WELL DISPLAYED & MOST DECORATED STORE IN TOWN

# ਪੰਜਾਬ 'ਚ ਅੱਤਵਾਦ ਅਤੇ ਵੱਖਵਾਦ ਅਜੇ ਵੀ ਗੰਭੀਰ ਖਤਰਾ : ਝੂਠੀ ਤਸੱਲੀ ਤਬਾਹਕੁੰਨ ਸਿੱਧ ਹੋ ਸਕਦੀ

*—ਹਰਕਿਸ਼ਨ ਸਿੰਘ ਸੁਰਜੀਤ—*

ਭਾਵੇਂ ਕਿ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਜਿਹੜੀਆਂ ਕਿ ਪਾਰਲੀਮੈਂਟ ਦੇ ਆਉਂਦੇ ਸਮਾਗਮ ਦੌਰਾਨ ਰਾਸ਼ਟਰਪਤੀ ਰਾਜ ਦੀ ਮਿਆਦ ਹੋਰ ਛੇ ਮਹੀਨਿਆਂ ਲਈ ਵਧਾਉਣ ਦੀ ਇੱਛਾ ਰਖਦੀਆਂ ਹਨ, ਪੰਜਾਬ ਸਥਿਤੀ ਵਿਚ ਸੁਧਾਰ ਦੇ ਦਾਅਵੇ ਕਰ ਰਹੀਆਂ ਹਨ ਅਤੇ ਇਹ ਦਾਅਵੇ ਕਰ ਰਹੀਆਂ ਹਨ ਕਿ ਅੱਤਵਾਦੀ ਸਰਗਰਮੀਆਂ ਨੂੰ ਬਹੁਤ ਹੱਦ ਤੱਕ ਕਾਬੂ ਵਿਚ ਕਰ ਲਿਆ ਗਿਆ ਹੈ, ਪਰ ਅਸਲੀਅਤ ਇਹ ਹੈ ਕਿ ਪੰਜਾਬ ਦੀ ਗੜਬੜ ਅਜੇ ਖਤਮ ਨਹੀਂ ਹੋਈ। ਰਾਸ਼ਟਰਪਤੀ ਰਾਜ ਦੌਰਾਨ ਸਿਰਫ ਕਤਲ ਹੀ ਨਹੀਂ ਵਧੇ ਸਗੋਂ ਅੱਤਵਾਦੀਆਂ ਨੇ ਸਾਰੇ ਇਤਿਹਾਸਕ ਗੁਰਦੁਆਰਿਆਂ ਉਤੇ ਮੁਕੰਮਲ ਕੰਟਰੋਲ ਕਰ ਲਿਆ ਅਤੇ ਉਹ ਸਾਰੀਆਂ ਅਕਾਲੀ ਜਥੇਬੰਦੀਆਂ ਜਿਨ੍ਹਾਂ ਵਿਚ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਲਈ ਜਮਹੂਰੀ ਢੰਗ ਨਾਲ ਚੁਣੀ ਗਈ ਐਸ. ਜੀ. ਪੀ. ਸੀ. ਵੀ ਸ਼ਾਮਲ ਹੈ, ਨੂੰ ਉਨ੍ਹਾਂ ਨੇ ਬੇਅਰਥ ਬਣਾ ਦਿਤਾ ਹੈ ਅਤੇ "ਪੰਥਕ ਕਮੇਟੀ" ਨੇ ਸਿੱਖਾਂ ਦੇ ਮਾਮਲਿਆਂ ਨੂੰ ਚਲਾਉਣ ਲਈ "ਖਾਲਿਸਤਾਨ" ਦੇ ਵੱਖਵਾਦੀ ਟੀਚੇ ਨੂੰ ਪ੍ਰਾਪਤ ਕਰਨ ਦੇ ਐਲਾਨੇ ਉਦੇਸ਼ ਨਾਲ, ਸਾਰੀਆਂ ਤਾਕਤਾਂ ਅਖਤਿਆਰ ਕਰ ਲਈਆਂ ਹਨ।

ਗ੍ਰਹਿ ਮੰਤਰੀ ਅਤੇ ਸਰਕਾਰ 22 ਅਕਤੂਬਰ ਨੂੰ ਦਿਵਾਲੀ ਵਾਲੇ ਦਿਨ ਅਕਾਲ ਤਖਤ ਸਾਹਮਣੇ "ਸਰਬਤ ਖਾਲਸਾ" ਨਾ ਹੋਣ ਦੇਣ ਦਾ ਸੇਹਰਾ ਆਪਣੇ ਸਿਰ ਲੈ ਸਕਦੇ ਹਨ ਪਰ ਇਹ ਭੁਲਣਾ ਨਹੀਂ ਚਾਹੀਦਾ ਕਿ ਪੰਥਕ ਕਮੇਟੀ ਨੇ ਕਿਤੇ "ਸਰਬਤ ਖਾਲਸਾ" ਕਰਨ ਬਾਰੇ ਐਲਾਨ ਕਰਨ ਦਾ ਹੌਂਸਲਾ ਕੀਤਾ ਅਤੇ ਆਪਣੇ ਮਤੇ ਪ੍ਰੈਸ ਨੂੰ ਜਾਰੀ ਕੀਤੇ। ਚਾਰ ਸਫੇ ਦੇ ਇਸ ਮੁਫਤ ਵੰਡੇ ਗਏ ਪਰਚੇ ਵਿਚ ਕੀ ਕਿਹਾ ਗਿਆ ਹੈ?

ਇਸ ਨੇ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਦਰਸ਼ਨ ਸਿੰਘ ਰਾਗੀ ਨੂੰ ਡਿਸਮਿਸ ਕਰਨ ਦਾ ਐਲਾਨ ਕੀਤਾ ਅਤੇ ਇਕ ਇਸ਼ਤਿਹਾਰੀ ਮੁਜਰਮ ਗੁਰਬਚਨ ਸਿੰਘ ਮਾਨੋਚਾਹਲ ਨੂੰ ਉਸ ਦੀ ਥਾਂ ਨਿਯੁਕਤ ਕਰ ਦਿਤਾ। ਇਹ ਸਭ ਨੂੰ ਪਤਾ ਹੈ ਕਿ ਉਹ ਅਕਾਲ ਤਖਤ ਤੋਂ ਆਪਣਾ ਕੰਮ ਨਹੀਂ ਕਰੇਗਾ ਸਗੋਂ ਗੁਪਤ ਥਾਂ ਤੋਂ ਅਕਾਲ ਤਖਤ ਦੇ ਨਾਂ ਕੰਮ ਕਰੇਗਾ। ਦਰਸ਼ਨ ਸਿੰਘ ਤੇ ਦੋਸ਼ ਲਗਾਇਆ ਗਿਆ ਸੀ ਕਿ ਉਹ "ਆਪਣੇ ਸ਼ਬਦਾਂ ਦੀ ਜਾਦੂਗਰੀ" ਨਾਲ ਸਿੱਖ ਨੌਜਵਾਨਾਂ ਨੂੰ "ਗੁੰਮਰਾਹ" ਕਰ ਰਿਹਾ ਹੈ। ਉਸ ਉਤੇ ਸਿੱਖ ਧਰਮ ਦੀਆਂ ਸਿਖਿਆਵਾਂ ਦੀ ਗਲਤ ਵਿਆਖਿਆ ਕਰਨ ਦਾ ਦੋਸ਼ ਲਗਾਇਆ ਗਿਆ। ਐਲਾਨ ਵਿਚ ਸਰਕਾਰ ਵਲੋਂ ਗ੍ਰਿਫਤਾਰ ਕੀਤੇ ਗਏ ਮੁੱਖ ਗਰੰਥੀਆਂ ਦੀ ਥਾਂ ਤਿੰਨ ਕੰਮ ਚਲਾਊ ਮੁੱਖ ਗਰੰਥੀ ਨਿਯੁਕਤ ਕਰਨਾ ਵੀ ਸ਼ਾਮਲ ਸੀ ਅਤੇ ਪ੍ਰੈਸ ਨੋਟ ਵਿਚ ਕਿਹਾ ਗਿਆ ਸੀ ਕਿ ਇਹ ਸਾਰੇ ਮੁੱਖ ਗਰੰਥੀ ਗੁਰਦੁਆਰਿਆਂ ਵਿਚੋਂ ਨਹੀਂ ਸਗੋਂ 'ਭੂਮੀਗਤ' ਹੋ ਕੇ ਆਪਣੀਆਂ ਜ਼ੁਮੇਂਵਾਰੀਆਂ ਨਿਭਾਉਣਗੇ। ਭਾਵੇਂ ਕਿ ਉਨ੍ਹਾਂ ਅਜੇ ਹਰਮੰਦਰ ਸਾਹਿਬ ਦੇ ਮੁਖ ਗਰੰਥੀ ਗਿਆਨੀ ਪੂਰਨ ਸਿੰਘ ਨੂੰ ਨਹੀਂ ਛੂਹਿਆ ਸੀ, ਪਰ ਉਨ੍ਹਾਂ ਉਸ ਨੂੰ ਕਿਹਾ ਕਿ ਉਹ ਨਵੇਂ ਮੁਖ ਗਰੰਥੀਆਂ ਨੂੰ "ਯੋਗ ਮਾਨਤਾ" ਦੇਵੇ ਅਤੇ ਉਨ੍ਹਾਂ ਦੀਆਂ ਨਿਯੁਕਤੀਆਂ ਦਾ ਸੁਆਗਤ ਕਰੇ। ਉਨ੍ਹਾਂ ਦੀ ਸਿਰਫ ਇਸ ਨਾਲ ਹੀ ਤਸੱਲੀ ਨਹੀਂ ਹੋਈ, ਉਨ੍ਹਾਂ ਜੀ. ਐਸ. ਟੌਹੜਾ, ਪ੍ਰਕਾਸ਼ ਸਿੰਘ ਬਾਦਲ ਅਤੇ ਕਾਬਲ ਸਿੰਘ, ਜਿਹੜਾ ਕਿ ਬਰਨਾਲਾ ਗਰੁੱਪ ਨਾਲ ਸਬੰਧਤ ਸਾਬਕਾ ਐਸ. ਜੀ. ਪੀ. ਸੀ. ਪ੍ਰਧਾਨ ਹੈ, ਨੂੰ ਸਰਕਾਰ ਨਾਲ ਮਿਲੀ ਭੁਗਤ ਕਰਕੇ ਦਰਬਾਰ ਸਾਹਿਬ ਉਤੇ ਯੋਜਨਾਬੰਦ ਹਮਲੇ ਕਰਨ ਲਈ ਛੇਕਣ ਦਾ ਐਲਾਨ ਕਰ ਦਿਤਾ। ਇਸ ਨਾਲ ਛੇਕੇ ਜਾਣ ਵਾਲਿਆਂ ਦੀ ਸੂਚੀ ਵਿਚ ਹੋਰ ਵਾਧਾ ਹੋ ਗਿਆ ਜਿਨ੍ਹਾਂ ਵਿਚ ਏਥੋਂ ਤੱਕ ਕਿ ਉਹ ਵੀ ਸ਼ਾਮਲ ਹਨ ਜਿਨ੍ਹਾਂ ਨੇ ਕਿ ਨਵੀਂ ਬਣੀ ਟਾਸਕ ਫੋਰਸ ਭੰਗ ਕਰਕੇ ਰਾਸ਼ਟਰ-ਵਿਰੋਧੀ ਸਰਗਰਮੀਆਂ ਲਈ ਗੁਰਦੁਆਰਿਆਂ ਦੀ ਵਰਤੋਂ ਕਰਨ ਦੀ ਖੁਲ੍ਹ ਦਿਤੀ ਹੋਈ ਸੀ। ਪ੍ਰੈਸ ਨੋਟ ਵਿਚ ਐਸ. ਜੀ. ਪੀ. ਸੀ. ਅਤੇ ਅਕਾਲੀ ਦਲਾਂ (ਯੂ. ਏ. ਡੀ. ਅਤੇ ਲੌਂਗੋਵਾਲ ਦੋਨੋਂ) ਨੂੰ "ਸਰਕਾਰ ਦੇ ਹੱਥਠੋਕੇ" ਕਿਹਾ ਗਿਆ ਅਤੇ ਉਨ੍ਹਾਂ ਦੇ ਲੀਡਰਾਂ ਨੂੰ ਪੰਥ ਦੇ ਗਦਾਰ ਕਿਹਾ ਗਿਆ। ਕਨਵੈਨਸ਼ਨ ਨੇ ਅੱਤਵਾਦੀਆਂ ਵਲੋਂ ਅਪਨਾਏ ਗਏ ਸਾਰੇ ਪਿਛਲੇ ਮਤਿਆਂ ਨੂੰ ਮਨਜ਼ੂਰੀ ਦੇ ਦਿਤੀ ਅਤੇ ਘਟ-ਗਿਣਤੀ ਫਿਰਕਿਆਂ ਨੂੰ "ਹਿੰਦੂ ਗਲਬੇ" ਵਿਰੁੱਧ ਸੰਘਰਸ਼ ਕਰਨ ਲਈ ਅਤੇ "ਰਾਜਨੀਤਕ, ਧਾਰਮਿਕ ਅਤੇ ਆਰਥਿਕ ਸੁਤੰਤਰਤਾ" ਲਈ ਸੰਘਰਸ਼ ਕਰਨ ਵਾਸਤੇ ਏਕਤਾ ਉਸਾਰਨ ਦਾ ਸਦਾ ਦਿਤਾ ਇਸ ਨੇ ਸਪਸ਼ਟ ਕਰ ਦਿਤਾ ਕਿ ਉਤਨੀ ਦੇਰ ਸਰਕਾਰ ਨਾਲ ਗਲਬਾਤ ਨਹੀਂ ਕੀਤੀ ਜਾਵੇਗੀ ਜਿਤਨੀ ਦੇਰ ਖਾਲਿਸਤਾਨ ਦੇ ਮਸਲੇ ਨੂੰ ਏਜੰਡੇ ਉਤੇ ਨਹੀਂ ਲਿਆਂਦਾ ਜਾਂਦਾ। "ਖਾਲਿਸਤਾਨ ਕੌਂਸਲ" ਨੂੰ ਮਾਨਤਾ ਦੇਣ ਦੀ ਸੇਵਾ ਕਰਨ ਬਦਲੇ ਉਹਨਾਂ ਤਿੰਨ ਮੁੱਖ ਗਰੰਥੀਆਂ ਦੀ ਭਾਰੀ ਪ੍ਰਸੰਸਾ ਕੀਤੀ। ਪ੍ਰੈਸ ਨੋਟ ਵਿਚ ਸਿਖਾਂ ਨੂੰ ਇਹ ਅਪੀਲ ਵੀ ਕੀਤੀ ਗਈ ਹੈ ਕਿ ਭਾਰਤ ਵਿਚ ਸਿੱਖਾਂ ਉਤੇ ਕੀਤੇ ਜਾ ਰਹੇ "ਅਤਿਆਚਾਰਾਂ ਅਤੇ ਵਧੀਕੀਆਂ" ਲਈ ਉਹ ਸੰਯੁਕਤ ਰਾਸ਼ਟਰ ਤਕ ਪਹੁੰਚ ਕਰਨ।

ਏਥੇ ਸੁਆਲ ਇਹ ਨਹੀਂ ਕਿ ਕੀ ਸਰਬਤ ਖਾਲਸਾ ਹੋਇਆ ਜਾਂ ਨਹੀਂ ਹੋਇਆ ਸਗੋਂ ਸੁਆਲ ਉਸ ਹੱਦ ਦਾ ਹੈ ਜਿਥੋਂ ਤਕ ਕਿ ਅੱਤਵਾਦੀ ਅਤੇ ਰੂੜੀਵਾਦੀ ਜਾ ਸਕਦੇ ਹਨ। ਇਹ ਕਿ ਅੱਤਵਾਦੀ ਬਦੇਸ਼ੀ ਤਾਕਤਾਂ ਦੀ ਸ਼ਹਿ ਤੇ ਆਪਣੀਆਂ ਸਰਗਰਮੀਆ ਕਰ ਰਹੇ ਹਨ ਸਿਰਫ ਇਸ ਤੱਥ ਤੋਂ ਹੀ ਸਪਸ਼ਟ ਨਹੀਂ ਕਿ ਉਹਨਾਂ ਨੂੰ ਪਾਕਿਸਤਾਨ ਵਿਚ ਟਰੇਨਿੰਗ ਦਿਤੀ ਜਾ ਰਹੀ ਹੈ ਅਤੇ ਉਹਨਾਂ ਨੂੰ ਆਧੁਨਿਕ ਹਥਿਆਰ ਸਪਲਾਈ ਕੀਤੇ ਜਾ ਰਹੇ ਹਨ ਸਗੋਂ ਇਸ ਕਰਕੇ ਵੀ ਕਿ ਉਹਨਾਂ ਦਾ ਧਾਰਮਿਕ ਸੰਸਥਾਵਾਂ ਅਤੇ ਐਸ. ਜੀ. ਪੀ. ਸੀ. ਵਰਗੀਆਂ ਸੰਸਥਾਵਾਂ ਪ੍ਰਤੀ ਵੀ ਰਤੀ ਭਰ ਸਤਿਕਾਰ ਨਹੀਂ ਜਿਹੜੀਆਂ ਕਿ ਅਕਾਲੀ ਲਹਿਰ ਦੌਰਾਨ ਸਿਖਾਂ ਨੇ ਭਾਰੀ ਕੁਰਬਾਨੀਆਂ ਦੇ ਕੇ ਸਥਾਪਿਤ ਕੀਤੀਆਂ ਸਨ। ਇਹਨਾਂ ਤੱਥਾਂ ਦੀ ਘੋਖ ਕੀਤੇ ਬਗੈਰ ਕਿ ਭੂਤਕਾਲ ਵਿਚ ਅਕਾਲ ਤੱਖਤ ਵਰਗੀਆਂ ਧਾਰਮਿਕ ਸੰਸਥਾਵਾਂ ਦੀ ਅਕਾਲੀ ਪਾਰਟੀ ਨੇ ਆਪਣੇ ਵਿਰੋਧੀਆਂ ਨੂੰ ਡਰਾਉਣ ਧਮਕਾਉਣ ਲਈ ਕਿਵੇਂ ਦੁਰਵਰਤੋਂ ਕੀਤੀ, ਅੱਤਵਾਦੀਆਂ ਦੇ ਮਨਾਂ ਵਿਚ ਖੁਦ ਇਸ ਸੰਸਥਾ ਪ੍ਰਤੀ ਕੋਈ ਸਤਿਕਾਰ ਨਹੀਂ ਹੈ। ਪੰਜ ਵਿਅਕਤੀ ਜਿਹਨਾਂ ਦੇ ਕਿ ਹੱਥ ਮਾਸੂਮ ਲੋਕਾਂ ਦੇ ਖੂਨ ਨਾਲ ਭਿਜੇ ਹੋਏ ਹਨ, ਨੇ ਸਿਰਫ ਸਿੱਖ ਗੁਰਦੁਆਰਾ ਐਕਟ ਦੀਆਂ ਹੀ ਨਹੀਂ ਸਗੋਂ ਸਾਰੀਆਂ ਸਥਾਪਿਤ ਰਿਵਾਇਤਾਂ ਦੀਆਂ ਵੀ ਧਜੀਆਂ ਉਡਾਕੇ ਸਾਰੇ ਗਰੰਥੀਆਂ ਅਤੇ ਮੁੱਖ ਗਰੰਥੀ ਨੂੰ ਡਿਸਮਿਸ ਕਰਨ ਜਾਂ ਨਿਯੁਕਤ ਕਰਨ ਦੀ ਤਾਕਤ ਆਪਣੇ ਹੱਥਾਂ ਵਿਚ ਲੈ ਲਈ ਹੈ। ਜਿਹਨਾ ਨੂੰ ਅੱਜ ਵੀ ਕੋਈ ਭੁਲੇਖੇ ਹਨ ਉਹਨਾਂ ਨੂੰ ਉਤਰ ਦੇਣਾ ਚਾਹੀਦਾ ਕਿ ਕੀ ਪੰਜ ਵਿਅਕਤੀਆਂ ਨੂੰ ਕਿਸੇ ਗੁਪਤ ਥਾਂ ਸਰਬੱਤ ਖਾਲਸਾ ਸੱਦਣਾ ਚਾਹੀਦਾ ਹੈ ਅਤੇ ਸਮੁਚੇ ਭਾਈਚਾਰੇ ਦੇ ਨਾਂ ਤੇ ਫੈਸਲੇ ਐਲਾਨਣੇ ਚਾਹੀਦੇ ਹਨ? ਕੀ ਸਰਬੱਤ ਖਾਲਸਾ ਕਦੇ ਅਕਾਲ ਤੱਖਤ ਤੋਂ ਬਾਹਰ ਵੀ ਸਦਿਆ ਗਿਆ ਹੈ? ਕੀ ਪਿਛਲੇ ਸੱਠ ਸਾਲਾਂ ਦੌਰਾਨ ਕਦੇ ਵੀ ਕੋਈ ਗਰੰਥੀ ਐਸ. ਜੀ. ਪੀ. ਸੀ. ਦੀ ਮਨਜ਼ੂਰੀ ਦੇ ਬਗੈਰ ਨਿਯੁਕਤ ਕੀਤਾ ਗਿਆ ਜਾਂ ਹਟਾਇਆ ਗਿਆ

ਹੈ । ਜਿਸ ਢੰਗ ਨਾਲ ਮੁੱਖ ਗਰੰਥੀਆਂ ਨੂੰ ਆਪਣੇ ਅਹੁਦੇ ਛੱਡ ਜਾਣ ਲਈ ਕਿਹਾ ਗਿਆ ਹੈ ਅਤੇ ਜਿਸ ਢੰਗ ਨਾਲ ਕਦਮ ਚੁਕੇ ਗਏ ਹਨ ਉਸ ਤੋਂ ਹੁਣ ਇਹ ਸਪਸ਼ਟ ਪਤਾ ਚਲਦਾ ਹੈ ਕਿ ਅੱਤਵਾਦੀ ਇਕ ਡੂੰਘੀ ਖੇਡ ਖੇਡ ਰਹੇ ਹਨ । ਆਪਣੀ ਕਾਰਵਾਈ ਨਾਲ ਉਹ ਸਾਰੀਆਂ ਸਥਾਪਿਤ ਸਿੱਖ ਸੰਸਥਾਵਾਂ ਨੂੰ ਤਬਾਹ ਕਰਨਾ ਚਾਹੁੰਦੇ ਹਨ ਤਾਂ ਜੋ ਉਹਨਾਂ ਦੀਆਂ ਰਾਸ਼ਟਰਵਿਰੋਧੀ ਸਰਗਰਮੀਆਂ ਵਿਰੁੱਧ ਕੋਈ ਰੋੜਾ ਨਾ ਬਣ ਸਕੇ ਅਤੇ ਲੀਡਰਸ਼ਿਪ ਤੋਂ ਬਗੈਰ ਲੋਕ ਉਹਨਾਂ ਦੀ ਮਨਹੂਸ ਝਾਲ ਦੇ ਆਸਾਨੀ ਨਾਲ ਸ਼ਿਕਾਰ ਹੋ ਸਕਦੇ ਹਨ ।

ਇਹ ਕੋਈ ਅਚਾਨਕ ਹੀ ਵਾਪਰੀ ਘਟਨਾ ਨਹੀਂ ਹੈ । ਅਕਾਲੀਆਂ ਦੀਆਂ ਮੰਗਾਂ ਮਨਵਾਉਣ ਲਈ ਕੇਂਦਰ ਸਰਕਾਰ ਉਤੇ ਦਬਾਅ ਪਾਉਣ ਵਾਸਤੇ ਲਾਏ ਗਏ ਅਕਾਲੀ ਮੋਰਚੇ ਦੌਰਾਨ ਭਿੰਡਰਾਂਵਾਲੇ ਦੀ ਵਿਧੀ ਵਰਤੀ ਗਈ । ਸਿਟੇ ਵਜੋਂ ਬਲੂ ਸਟਾਰ ਉਪਰੇਸ਼ਨ ਪਿਛੋਂ ਅੱਤਵਾਦੀਆਂ ਨੂੰ ਅਕਾਲੀਪਾਰਟੀ ਦੀ ਅੰਦਰੂਨੀ ਲੜਾਈਲਈ ਵਰਤਿਆ ਗਿਆ ਅਤੇ ਇਤਿਹਾਸਕ ਗੁਰਦੁਆਰਿਆਂ ਵਿਚੋਂ ਉਹਨਾਂ ਨੂੰ ਆਪਣੀਆਂ ਸਰਗਰਮੀਆਂ ਕਰਨ ਦੀ ਆਗਿਆ ਦਿਤੀ ਗਈ । ਦਰਬਾਰ ਸਾਹਿਬ ਵਿਚੋਂ ਉਹਨਾਂ ਨੂੰ ਕਢਣ ਪਿੱਛੋਂ ਕੀ ਇਹ ਗੁਰਚਰਨ ਸਿੰਘ ਟੌਹੜਾ ਨਹੀਂ ਸੀ ਜਿਸ ਨੇ ਜਨਵਰੀ 1986 ਵਿਚ ਉਹਨਾਂ ਨੂੰ ਸਰਬਤ ਖਾਲਸਾ ਸੱਦਣ ਦੀ ਆਗਿਆ ਦਿਤੀ ਅਤੇ ਅਕਾਲ ਤਖਤ ਦੀ ਕਾਰਸੇਵਾ ਉਹਨਾਂ ਦੇ ਹਵਾਲੇ ਕਰ ਦਿਤੀ ? ਕੀ ਇਹ ਗੁਰਚਰਨ ਸਿੰਘ ਟੌਹੜਾ ਅਤੇ ਉਸ ਦੇ ਸਾਥੀ ਨਹੀਂ ਸਨ ਜਿਹਨਾਂ ਅਪਰੈਲ 1986 ਵਿਚ ਇਕ ਹੋਰ ਸਰਬਤ ਖਾਲਸਾ ਸੱਦਣ ਦੀ ਆਗਿਆ ਦਿਤੀ ਜਿਥੇ ਖਾਲਿਸਤਾਨ ਦੀ ਮੰਗ ਬੁਲੰਦ ਕੀਤੀ ਗਈ ? ਕੀ ਇਹ ਜੀ. ਐਸ.ਟੌਹੜਾ ਅਤੇ ਪਰਕਾਸ਼ ਸਿੰਘ ਬਾਦਲ ਨਹੀਂ ਸਨ ਜਿਹਨਾਂ ਨੇ ਕਿ ਸੁਰਜੀਤ ਸਿੰਘ ਬਰਨਾਲਾ ਨੂੰ ਛੇਕਣ ਦਾ ਸੁਆਲ ਉਠਾਇਆ ਕਿਉਂ ਕਿ ਉਸ ਨੇ ਰਾਜ ਦੇ ਮਾਮਲਿਆਂ ਨੂੰ ਚਲਉਣ ਵਿਚ ਅਕਾਲ ਤਖਤ ਦੀ ਅਥਾਰਟੀ ਅਗੇ ਗੋਡੇ ਟੇਕ ਕੇ ਭਾਰਤੀ ਸੰਵਿਧਾਨ ਵਿਰੁੱਧ ਕੰਮ ਕਰਨ ਤੋਂ ਇਨਕਾਰ ਕਰ ਦਿਤਾ । ਕੀ ਇਹ ਬਾਦਲ ਅਤੇ ਟੌਹੜਾ ਨਹੀਂ ਹਨ ਜਿਹਨਾਂ ਨੇ ਕਿਅਕਾਲੀ ਦਲ, ਜਿਹੜਾ ਕਿ 60 ਸਾਲਾਂ ਤੋਂ ਵਧ ਸਮੇਂ ਤੋਂ ਇਕ ਰਾਜਨੀਤਕ ਪਾਰਟੀ ਵਜੋਂ ਕੰਮ ਕਰ ਰਿਹਾ ਹੈ ਅਤੇ ਸਾਰੇ ਪੱਧਰਾਂ ਤੇ ਇਸ ਦੀਆਂ ਚੁਣੀਆਂ ਹੋਈਆਂ ਜਥੇਬੰਦੀਆਂ ਹਨ, ਦੀਆਂ ਸਾਰੀਆਂ ਰਵਾਇਤਾਂ ਨੂੰ ਅਣਡਿੱਠ ਕਰਕੇ ਅਕਾਲ ਤੱਖਤ ਦੇ ਜਥੇਦਾਰ ਨੂੰ ਸਾਰੀਆਂ ਅਕਾਲੀ ਜਥੇਬੰਦੀਆਂ ਭੰਗ ਕਰਕੇ ਧਾਰਮਿਕ ਅਥਾਰਟੀ ਦੀ ਵਰਤੋਂ ਕਰਕੇ ਇਕ ਨਵਾਂ ਅਕਾਲੀ ਦਲ ਬਨਾਉਣ ਦਾ ਅਧਿਕਾਰ ਦੇ ਦਿਤਾ ? ਉਹਨਾਂ ਦੀ ਅੱਤਵਾਦੀਆਂ ਨਾਲ ਗਲਬਾਤ ਚਲ ਰਹੀ ਸੀ ਅਤੇ ਸਥਿਤੀ ਦੀ ਹੋਣੀ ਇਹ ਹੋਈ ਕਿ ਉਹ ਖੁਦ ਹੀ ਉਹਨਾਂ ਵਲੋਂ 'ਛੇਕੇ' ਗਏ ।

ਸਿਰਫ ਜਿੰਦਾ ਅਤੇ ਬਾਵਾ ਦੀ ਗਰਿਫਤਾਰੀ ਪਿਛੋਂ ਅਤੇ ਅਮਰੀਕ ਸਿੰਘ ਦੇ ਕਤਲ ਕਰਨ ਪਿਛੋਂ ਸਰਕਾਰ ਨੇ ਪੰਜਾਬ ਵਿਚ ਅੱਤਵਾਦ ਦੀ ਸਮਸਿਆ ਨੂੰ ਨਿਪਟਣ ਵਿਚ ਭਾਰੀ ਸਫਲਤਾ ਦੇ ਦਾਅਵੇ ਕਰਨੇ ਸ਼ੁਰੂ ਕਰ ਦਿਤੇ । ਪਰ ਅੱਤਵਾਦੀਆਂ ਨੇ ਇਸ ਦਾ ਜੁਆਬ ਆਪਣੀਆਂ ਸਰਗਰਮੀਆਂ ਤੇਜ਼ ਕਰਕੇ ਦਿਤਾ । ਉਹਨਾਂ ਸਿਰਫ ਕਤਲ ਤੇਜ਼ ਕਰਕੇ ਹੀ ਆਪਣੀਆਂ ਸਰਗਰਮੀਆਂ ਵਿਚ ਵਾਧਾ ਨਹੀਂ ਕੀਤਾ ਸਗੋਂ 9 ਸਤੰਬਰ 1987 ਨੂੰ ਚਾਰ ਮੁੱਖ ਗਰੰਥੀਆਂ ਨੇ ਦਰਬਾਰ ਸਾਹਿਬ ਅੰਦਰੋਂ ਆਪਣੇ ਦਸਖਤਾਂ ਅਧੀਨ ਇਕ ਬਿਆਨ ਜਾਰੀ ਕੀਤਾ ਜਿਸ ਵਿਚ ਸਮੁੱਚੀ ਅਕਾਲੀ ਲੀਡਰ ਸ਼ਿਪ ਨੂੰ ਗਦਾਰਾਂ ਵਜੋਂ ਐਲਾਨਿਆ ਗਿਆ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਦਰਸ਼ਨ ਸਿੰਘ ਦੀ ਇਕ ਅਜਿਹੇ ਜਰਨੈਲ ਵਜੋਂ ਨਿਖੇਧੀ ਕੀਤੀ ਗਈ ਜਿਹੜਾ ਕਿ ਲੜਾਈ ਦੀ ਸਿਖਰ ਦੌਰਾਨ ਮੈਦਾਨ ਵਿਚੋਂ ਭਜ ਗਿਆ, 16 ਅੱਤਵਾਦੀ ਗਰੁੱਪਾਂ ਵਿਚ ਏਕਤਾ ਪਰਾਪਤ ਕਰ ਲੈਣ ਬਾਰੇ ਐਲਾਨ ਕੀਤਾ ਗਿਆ ਅਤੇ ਇਹ ਐਲਾਨ ਕੀਤਾ ਗਿਆ ਕਿ ਸਿਖਾਂ ਦੀ ਲੀਡਰਸ਼ਿਪ ਅੱਤਵਾਦੀ ਨੌਜਵਾਨਾਂ ਦੇ ਹੱਥਾਂ ਵਿਚ ਆ ਗਈ ਹੈ, ਸਿਖਾਂ ਨੂੰ ਸੱਦਾ ਦਿਤਾ ਗਿਆ ਕਿ ਉਹ ਸਿਖ ਭਾਈਚਾਰੇ ਨੂੰ ਗੁਲਾਮੀ ਤੋਂ ਮੁਕਤ ਕਰਨ ਲਈ ਹਰ ਤਰਾਂ ਦੀਆਂ ਕੁਰਬਾਨੀਆਂ ਦੇਣ । ਗਿਆਨੀ ਪੂਰਨ ਸਿੰਘ ਬਾਅਦਵਿਚ ਅਕਾਲੀ ਲੀਡਰਸ਼ਿਪ ਅਤੇ ਦਰਸ਼ਨ ਸਿੰਘ ਦੀ ਨਿਖੇਧੀ ਕਰਕੇ 'ਇਸ ਇਕੋ ਇਕ ਪਹਿਲੂ ਨਾਲ ਅਲਗ ਹੋ ਗਿਆ । ਮੁੱਖ ਗਰੰਥੀਆਂ ਦੇ ਇਸ ਐਕਸ਼ਨ ਨਾਲ ਮੁੱਖ ਗਰੰਥੀਆਂ ਦੇ ਕਿਰਦਾਰ ਬਾਰੇ ਸਾਰੇ ਭੁਲੇਖੇ ਦੂਰ ਹੋ ਗਏ ਅਤੇ ਇਹਨਾਂ ਵਿਚੋਂ ਤਿੰਨ ਆਪਣੇ ਧਾਰਮਿਕ ਫਰਜ਼ ਪੂਰੇ ਕਰਨ ਦੀ ਬਜਾਏ ਅੱਤਵਾਦੀਆਂ ਦੇ ਬੁਲਾਰੇ ਨਿਕਲੇ । ਇਸ ਨਾਲ ਹੀ ਖੁਦ ਚੱਕਰ ਮੁਕੰਮਲ ਹੋ ਗਿਆ । ਆਪਣੀਆਂ ਸਰਗਰਮੀਆਂ ਲਈ ਗੁਰਦਵਾਰਿਆਂ ਨੂੰ ਵਰਤਨ ਤੋਂ ਇਲਾਵਾ ਅੱਤਵਾਦੀਆਂ ਨੇ ਖੁਦ ਧਾਰਮਿਕ ਜਾਬਤੇ ਦੀ ਵਿਆਖਿਆ ਕਰਨ ਲਈ ਕੁੰਜੀਵਤ ਪੁਜੀਸ਼ਨਾਂ ਤੇ ਕਬਜ਼ਾ ਕਰ ਲਿਆ ਅਤੇ ਪਿਛਲੇ ਸਰਬਤ ਖਾਲਸਾ ਵਲੋਂ ਨਿਯੁਕਤ ਕੀਤੀ ਗਈ ਪੰਥਕ ਕਮੇਟੀ ਸਰਵ ਉਚ ਸੰਸਥਾ ਬਣ ਗਈ ।

ਪੰਥਕ ਕਮੇਟੀ, ਜਿਹੜੀ ਕਿ ਅਕਾਲ ਤਖਤ ਦੇ ਨਾਂ ਹੇਠ ਕੰਮ ਕਰ ਰਹੀ ਹੈ, ਨੇ 5 ਅਕਤੂਬਰ. 1987 ਨੂੰ ਇਕ 11 ਸਫੇ ਦਾ ਐਲਾਨਨਾਮਾ ਪੜ੍ਹਿਆ ਜਿਸ 'ਚ ਐਲਾਨ ਕੀਤਾ ਗਿਆ ਕਿ ਖਾਲਿਸਤਾਨ ਕੌਂਸਲ 'ਖਾਲਿਸਤਾਨ ਦਾ ਟੀਚਾ' ਪ੍ਰਾਪਤ ਕਰੇਗੀ, ਭਾਰਤੀ ਫੌਜ ਦੇ ਕਬਜ਼ੇ ਵਿਚੋਂ ਖਾਲਿਸਤਾਨ ਦੀ ਭੂਮੀ ਨੂੰ ਅਜ਼ਾਦ ਕਰਵਾਏਗੀ ।' ਅਤੇ ਖਾਲਿਸਤਾਨ ਕੌਂਸਲ ਲਈ ਇਸ ਨੇ ਬਦੇਸ਼ੀ ਸਰਕਾਰਾਂ ਦਾ ਸਹਿਯੋਗ ਮੰਗਿਆ । ਇਸ ਖਾਲਿਸਤਾਨ ਕੌਂਸਲ ਦੇ ਮੈਂਬਰ ਕੌਣ ਹਨ ?

1) ਗੁਰਮੀਤ ਸਿੰਘ ਔਲਖ—ਪ੍ਰਧਾਨ

2) ਅਰਜਿੰਦਰ ਸਿੰਘ ਸੇਖੋਂ—(ਯੂ.ਐਸ.ਏ.)

3) ਤਜਿੰਦਰ ਸਿੰਘ ਬੱਬਰ (ਕਨੇਡਾ)

4) ਤੇਜਪਾਲ ਸਿੰਘ ਧਾਮੀ (ਕਨੇਡਾ)

5) ਹਰਿੰਦਰ ਸਿੰਘ (ਨਾਰਵੇ)

6) ਅਕਾਲੀ ਫੇਡਰੇਸ਼ਨ ਦਾ ਸ਼ਮਸ਼ੇਰ ਸਿੰਘ

7) ਦਲ ਖਾਲਸਾ ਦਾ ਸਤਨਾਮ ਸਿੰਘ (ਜਿਸਨੇ ਹਵਾਈ ਜਹਾਜ਼ ਅਗਵਾ ਕੀਤਾ)

8) ਗੁਰਨਾਮ ਸਿੰਘ ਬੁਢਾਲਾ

9) ਵਧਾਵਾ ਸਿੰਘ ਬੱਬਰ

10) ਰੇਸ਼ਮ ਸਿੰਘ ਅਤੇ

11) ਸਕੱਤਰ ਸਿੰਘ ਅੰਮ੍ਰਿਤਸਰ

ਖਾਲਿਸਤਾਨ ਕੌਂਸਲ ਦੀ ਰਚਨਾ ਤੋਂ ਅੱਤਵਾਦੀਆਂ ਦੇ ਮਨੋਰਥ ਬਾਰੇ ਪਤਾ ਚਲ ਜਾਂਦਾ ਹੈ, ਅਜਿਹਾ ਕਰਨ ਤੋਂ ਇਹ ਭਾਵ ਹੈ ਕਿ ਵਖ ਵਖ ਦੇਸ਼ਾਂ ਵਿਚ ਕੰਮ ਕਰ ਰਹੇ ਅੱਤਵਾਦੀ ਗਰੁੱਪਾਂ ਨੂੰ ਇਸ ਵਿਚ ਨੁਮਾਇੰਦਗੀ ਦਿਤੀ ਗਈ ਹੈ, ਭਾਵੇਂ ਕਿ ਇਹ ਕੋਈ ਵੀ ਜ਼ੁਮੇਂਵਾਰੀ ਨਿਭਾ ਨਹੀਂ ਸਕਦੀ । ਮੁਖ 'ਸਰਵ ਉਚ ਸੰਸਥਾ' 'ਪੰਜ ਮੈਂਬਰੀ ਪੰਥਕ ਕਮੇਟੀ' ਹੀ ਹੈ ਜਿਸ ਵਿਚ ਵੱਡੇ ਅੱਤਵਾਦੀ ਸ਼ਾਮਲ ਹਨ ਜਿਹੜੇ ਕਿ ਸਿੱਖ ਧਰਮ ਅਤੇ ਸਿੱਖ ਭਾਈਚਾਰੇ ਦੀ ਰਾਖੀ ਦੇ ਨਾਂ ਹੇਠ ਰਾਸ਼ਟਰਵਿਰੋਧੀ ਸਰਗਰਮੀਆਂ ਦੀ ਰਹਿਨੁਮਾਈ ਕਰਨਾ ਜਾਰੀ ਰਖੇਗੀ ਅਤੇ ਕਿਉਂਕਿ ਵੱਖ ਵੱਖ ਅਕਾਲੀ ਧੜੇ ਆਪਣੀ ਅੰਦਰੂਨੀ ਲੜਾਈ ਵਿਚ ਰੁਝੇ ਹੋਏ ਹਨ ਅਤੇ ਕੇਂਦਰ ਸਰਕਾਰ ਦੀ ਨੀਤੀ ਕਾਰਨ ਅੱਤਵਾਦੀ ਪੰਜਾਬੀ ਲੋਕਾਂ ਦੀ ਏਕਤਾ ਭੰਗ ਕਰਨਾ ਜਾਰੀ ਰਖਣਗੇ ਅਤੇ ਅੱਤਵਾਦੀ ਸਰਗਰਮੀਆਂ ਤੇ ਮਾਸੂਮ ਲੋਕਾਂ ਦੇ ਕਤਲਾਂ ਨੂੰ ਜਥੇਬੰਦ ਕਰਨ ਵਿਚ ਨਿਰਾਸ ਨੌਜਵਾਨਾਂ ਨੂੰ ਗੁੰਮਰਾਹ ਕਰਨਾ ਜਾਰੀ ਰਖਣਗੇ ।

ਪੰਜਾਬ ਦੇ ਲੋਕ ਅੱਤਵਾਦ ਅਤੇ ਵੱਖਵਾਦ ਦੇ ਵਿਰੁਧ ਹਨ । ਉਹ ਅੱਤਵਾਦੀਆਂ ਦੀਆਂ ਸਰਗਰਮੀਆਂ ਤੋਂ ਅੱਕੇ ਹੋਏ ਹਨ ਕਿਉ ਕਿ ਘੱਟ ਗਿਣਤੀ ਫਿਰਕੇ ਨਾਲ ਸਬੰਤਤ ਲੋਕਾਂ ਵਿਚ ਡਰ ਪੈਦਾ ਕਰਨ ਦੇ ਆਪਣੇ ਮਨੋਰਥ ਦੀ ਪੂਰਤੀ ਤੋਂ ਇਲਾਵਾ ਅਤੇ ਪਸਤੌਲ ਦੀ ਨੋਕ ਤੇ ਜਬਰੀ ਧਨ ਇਕੱਠਾ ਕਰਨ ਤੋਂ ਦਹਿਸ਼ਤ ਗਰਦ ਗੁਰੇਜ਼ ਨਹੀਂ ਕਰ ਰਹੇ । ਪਰ ਇਕ ਪਾਸੇ ਉਨਾਂ ਨੂੰ ਲੀਡਰਸ਼ਿਪ ਤੋਂ ਵਾਂਝਿਆਂ ਕਰ ਦਿਤਾ ਗਿਆ ਹੈ ਅਤੇ ਦੂਸਰੇ ਪਾਸੇ ਸਰਕਾਰ ਵਿਰੁਧ ਉਨਾਂ ਦਾ ਗੁੱਸਾ ਦਿਨੋ ਦਿਨ ਵਧ ਰਿਹਾ ਹੈ । ਪੁਲੀਸ ਅਤੇ ਪ੍ਰਸ਼ਾਸਨ ਭਰਿਸ਼ਟਾਚਾਰ ਵਿਚ ਖੁੱਭਾ ਪਿਆ ਹੈ । ਅਜਿਹੀਆਂ ਰਿਪੋਰਟਾਂ ਸਾਹਮਣੇ ਆਈਆਂ

ਹਨ ਜਿਨਾਂ ਤੋਂ ਪਤਾ ਚਲਦਾ ਹੈ ਕਿ ਜਾਂ ਤਾਂ ਸਾਧਾਰਨ ਲੋਕਾਂ ਕੋਲੋਂ ਪੈਸੇ ਬਟੋਰਨ ਲਈ ਉਨਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਹੈ ਜਾਂ ਵੱਢੀਆਂ ਲੈ ਕੇ ਅੱਤਵਾਦੀਆਂ ਅਤੇ ਉਨਾਂ ਦੇ ਹਿਮਾਇਤੀਆਂ ਨੂੰ ਛੱਡ ਦਿਤਾ ਜਾਂਦਾ ਹੈ। ਉਨਾਂ ਦੀਆਂ ਜਮਹੂਰੀ ਮੰਗਾਂ ਮੰਨਣ ਲਈ ਕੋਈ ਕਦਮ ਨਹੀਂ ਚੁਕਿਆ ਗਿਆ। ਕੇਂਦਰ ਸਰਕਾਰ ਬਾਰ ਬਾਰ ਇਹ ਕਹਿ ਰਹੀ ਹੈ ਕਿ ਅੱਤਵਾਦੀ ਪਾਗਲ ਪੁਣੇ ਨਾਲ ਨਿਪਟਣ ਪਿਛੋਂ ਹੀ ਪੰਜਾਬ ਸਮਝੌਤਾ ਲਾਗੂ ਕੀਤਾ ਜਾਵੇਗਾ। ਏਥੋਂ ਤਕ ਕਿ ਚਾਰ ਸਾਲਾਂ ਤੋਂ ਵੱਧ ਸਮੇਂ ਪਿਛੋਂ ਵੀ ਕੇਂਦਰ ਸਰਕਾਰ ਇਹ ਅਹਿਸਾਸ ਨਹੀਂ ਕਰ ਸਕੀ ਕਿ ਅੱਤਵਾਦ ਦੀ ਸਮਸਿਆ ਨੂੰ ਸਿਰਫ ਪ੍ਰਸ਼ਾਸਨਕ ਢੰਗ-ਤਰੀਕਿਆਂ ਨਾਲ ਹੀ ਹੱਲ ਨਹੀਂ ਕੀਤਾ ਜਾ ਸਕਦਾ। ਅੱਤਵਾਦੀਆਂ ਵਿਰੁਧ ਲੜਨ ਲਈ ਆਮ ਲੋਕਾਂ ਨੂੰ ਸਰਗਰਮ ਕਰਨ ਲਈ ਅਤੇ ਉਨਾਂ ਵਿਚ ਵਿਸ਼ਵਾਸ਼ ਦੀ ਭਾਵਨਾ ਪੈਦਾ ਕਰਨ ਲਈ ਇਹ ਬਹੁਤ ਜ਼ਰੂਰੀ ਹੈ ਕਿ ਕੋਈ ਰਾਜਨੀਤਕ ਹੱਲ ਲੱਭਿਆ ਜਾਵੇ। ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਰਾਜੀਵ ਗਾਂਧੀ ਅਤੇ ਉਸ ਦੀ ਸਰਕਾਰ ਇਹ ਅਹਿਸਾਸ ਕਿਉਂ ਨਹੀਂ ਕਰਦੀ ਕਿ ਉਹ ਪੰਜਾਬ ਸਮਸਿਆ, ਜਿਹੜੀ ਕਿ ਪੂਰੀ ਤਰਾਂ ਰਾਜਨੀਤਕ ਖਾਸੇ ਵਾਲੀ ਹੈ, ਨਾਲ ਨਿਪਟਣ ਵਿਚ ਅਸਫਲ ਰਹੇ ਹਨ ਅਤੇ ਇਸ ਕਾਰਨ ਉਨਾਂ ਦਾ ਵਕਾਰ ਦਿਨੋ ਦਿਨ ਹੇਠਾਂ ਡਿੱਗ ਰਿਹਾ ਹੈ। ਆਪਣੀ ਅਮਰੀਕਾ ਫੇਰੀ ਪਿਛੋਂ ਰਾਜੀਵ ਗਾਂਧੀ ਦਾ ਤਾਜ਼ਾ ਬਿਆਨ ਕਿ ਸਾਡੇ ਦੇਸ਼ ਨੂੰ ਅਸਥਿਰ ਕਰਨ ਵਿਚ ਸੀ.ਆਈ.ਏ. ਦਾ ਹੱਥ ਨਹੀਂ ਹੈ, ਕਾਰਨ ਸਾਮਰਾਜੀਆਂ ਦੀਆਂ ਘਿਨਾਉਣੀਆਂ ਕਰਤੂਤਾਂ ਉਤੇ ਪਰਦਾ ਪੈਂਦਾ ਹੈ ਅਤੇ ਸਾਮਰਾਜੀਆਂ ਤੇ ਉਨਾਂ ਦੇ ਏਜੰਟਾਂ ਵਿਰੁਧ ਸਾਡੇ ਸੰਘਰਸ਼ ਦੀ ਧਾਰ ਖੁੰਡੀ ਪੈਂਦੀ ਹੈ।

ਇਹ ਬਹੁਤ ਜਿਆਦਾ ਬਦਕਿਸਮਤੀ ਵਾਲੀ ਗੱਲ ਹੈ ਕਿ ਜਨਤਾ ਪਾਰਟੀ ਵਰਗੀਆਂ ਪ੍ਰਮੁਖ ਰਾਜਨੀਤਕ ਪਾਰਟੀਆਂ ਰਾਸ਼ਟਰੀ ਏਕਤਾ ਦੇ ਨੁਕਤੇ ਨਜਰੀਏ ਤੋਂ ਪੰਜਾਬ ਸਮਸਿਆ ਨੂੰ ਦੇਖਣ ਦੇ ਅਸਮਰਥ ਰਹੀਆਂ ਹਨ। ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਨੇ ਅੰਮ੍ਰਿਤਸਰ ਵਿਚ ਤਿੰਨਾਂ ਮੁਖ ਗੁੰਥੀਆਂ ਨੂੰ ਮਿਲਣ ਪਿਛੋਂ ਉਨਾਂ ਨੂੰ ਇਹ ਸਰਟੀਫੀਕੇਟ ਦੇ ਦਿਤਾ ਹੈ ਕਿ ਉਹ ਖਾਲਿਸਤਾਨ ਦੀ ਮੰਗ ਨਹੀਂ ਕਰਦੇ ਹਾਲਾਂ ਕਿ ਉਨਾਂ ਨੇ ਦਰਬਾਰ ਸਾਹਿਬ ਅੰਦਰੋਂ ਸਾਰੇ ਅੱਤਵਾਦੀ ਗਰੁੱਪਾਂ ਦੀ ਏਕਤਾ ਬਾਰੇ ਐਲਾਨ ਕੀਤਾ ਅਤੇ ਅਕਾਲੀ ਦਲਾਂ ਤੇ ਐਸ.ਜੀ.ਪੀ.ਸੀ. ਨੂੰ ਬੇਅਰਥ ਕਰਨ ਬਾਰੇ ਐਲਾਨ ਕੀਤਾ ਅਤੇ ਏਥੋਂ ਤਕ ਕਿ ਉਨਾਂ ਦਰਸ਼ਨ ਸਿੰਘ ਦੀ ਵੀ ਨਿਖੇਧੀ ਕੀਤੀ। ਇਸ ਤੋਂ ਚੰਦਰ ਸ਼ੇਖਰ ਦੀ ਪੰਜਾਬ ਵਿਚਲੀਆਂ ਘਟਨਾਵਾਂ ਬਾਰੇ ਜਾਂ ਤਾਂ ਅਗਿਆਨਤਾ ਦਾ ਪਤਾ ਚਲਦਾ ਹੈ ਜਾਂ ਸਮਸਿਆ ਦਾ ਹੱਲ ਲੱਭਣ ਲਈ ਸਰਕਾਰ ਨੂੰ ਉਨਾਂ ਨਾਲ ਗਲਬਾਤ ਲਈ ਮਜ਼ਬੂਰ ਕਰਨ ਬਾਰੇ ਇਹ ਉਸਦਾ ਯਤਨ ਹੈ। ਪਰ ਉਸਦਾ ਉਦੇਸ਼ ਕੁਝ ਵੀ ਹੋਵੇ ਇਸ ਦ੍ਰਿਸ਼ਟੀਕੋਨ ਨਾਲ ਅੱਤਵਾਦੀਆਂ ਨੂੰ ਸ਼ਹਿ ਮਿਲਦੀ ਹੈ ਜਿਹੜੇ ਕਿ ਤਬਾਹੀ ਮਚਾ ਰਹੇ ਹਨ ਅਤੇ ਅੱਜ ਦੇਸ਼ ਦੀ ਏਕਤਾ ਨੂੰ ਖਤਰੇ ਵਿਚ ਪਾ ਰਹੇ ਹਨ।

ਹਰ ਕਿਸਮ ਦੇ ਅਕਾਲੀਆਂ, ਜਿਹੜੇ ਕਿ ਖਾਲਿਸਤਾਨ ਦੇ ਵਿਰੋਧੀ ਹਨ ਅਤੇ ਦੇਸ਼ ਦੀ ਏਕਤਾ ਲਈ ਖਲੋਂਦੇ ਹਨ, ਉਨਾਂ ਨੂੰ ਆਪਣੀ ਆਪਣੀ ਪਹੁੰਚ ਤੇ ਮੁੜ ਗੌਰ ਕਰਨਾ ਚਾਹੀਦਾ ਹੈ ਅਤੇ ਪੰਜਾਬ ਸਮਸਿਆ ਦੇ ਹੱਲ ਲਈ ਆਪਣੇ ਯਤਨ ਤੇਜ਼ ਕਰਨੇ ਚਾਹੀਦੇ ਹਨ। ਸੰਯੁਕਤ ਅਕਾਲੀ ਦਲ ਦੇ ਲੀਡਰ ਜਿਨਾਂ ਨੇ ਆਪਣੇ ਵਿਰੋਧੀਆਂ ਵਿਰੁਧ ਰਾਜਨੀਤਕ ਲੜਾਈ ਵਿਚ ਧਾਰਮਿਕ ਰੂੜੀਵਾਦ ਦੇ ਹਥਿਆਰ ਨੂੰ ਵਰਤਣ ਦੀ ਕੋਸ਼ਿਸ਼ ਕੀਤੀ, ਉਹਨਾਂ ਵਿਰੁਧ ਅੱਤਵਾਦੀਆਂ ਨੇ ਵੀ ਉਹ ਹਥਿਆਰ ਵਰਤਿਆ। ਜਦੋਂ ਵੀ ਰੂੜੀਵਾਦ ਦਾ ਸਹਾਰਾ ਲਿਆ ਜਾਂਦਾ ਹੈ, ਜਮਹੂਰੀ ਸੰਸਥਾਵਾਂ ਅਣਡਿਠ ਹੋ ਜਾਂਦੀਆਂ ਹਨ ਅਤੇ ਪਹਿਲਕਦਮੀ ਉਹਨਾਂ ਦੇ ਹੱਥਾਂ ਵਿਚ ਚਲੀ ਜਾਂਦੀ ਹੈ ਜਿਹੜੇ ਅੱਤਵਾਦੀ ਪੁਜੀਸ਼ਨਾਂ ਧਾਰਨ ਕਰਦੇ ਹਨ। ਉਹਨਾਂ ਨੇ ਬਰਨਾਲੇ ਨੂੰ ਛੇਕਣ ਦਾ ਨਾਹਰਾ ਲਗਾਇਆ ਤੇ ਹੁਣ ਉਹ ਖੁਦ ਛੇਕੇ ਗਏ। ਬਹਾਦਰਾਨਾ ਅਕਾਲੀ ਲਹਿਰ ਦਾ ਸਮੁਚਾ ਇਤਿਹਾਸ ਅਜਿਹਾ ਰਿਹਾ ਹੈ ਕਿ ਇਸ ਨੇ ਸਿਰਫ ਜਮਹੂਰੀ ਕਦਰਾਂ ਕੀਮਤਾਂ ਹੀ ਸਥਾਪਿਤ ਨਹੀਂ ਕੀਤੀਆਂ ਸਗੋਂ ਧਾਰਮਿਕ ਫਿਰਕਿਆਂ ਦੇ ਆਧਾਰ ਉਤੇ ਲੋਕਾਂ 'ਚ ਫੁਟ ਪਾਉਣ ਦੀ ਸਾਮਰਾਜੀ ਖੇਡ ਦਾ ਮੂੰਹ ਭੰਨਦਿਆਂ ਸਿੱਖਾਂ ਵਿਚ ਰਾਸ਼ਟਰੀ ਭਾਵਨਾਵਾਂ ਨੂੰ ਵੀ ਵਿਕਸਤ ਕੀਤਾ। ਲੌਂਗੋਵਾਲ ਅਕਾਲੀ ਦਲ ਨੇ ਧਰਮ ਨੂੰ ਰਾਜਨੀਤੀ ਨਾਲੋਂ ਅਲਗ ਕਰਕੇ ਚੰਗੀ ਕਾਰਗੁਜ਼ਾਰੀ ਦਿਖਾਈ ਪਰ ਪੰਜਾਬ ਸਮਝੌਤੇ, ਜਿਹੜਾ ਕਿ ਸਮਾਂਬੱਧ ਸੀ, ਨੂੰ ਲਾਗੂ ਨਾ ਕਰਕੇ ਕੇਂਦਰ ਸਰਕਾਰ ਨੇ ਉਹਨਾਂ ਨੂੰ ਹੇਠਾਂ ਲਾ ਦਿਤਾ। ਪਰ ਉਹਨਾਂ ਨੂੰ ਵੀ ਇਹ ਸਪੱਸ਼ਟ ਸਮਝ ਲੈਣੀ ਚਾਹੀਦੀ ਹੈ ਕਿ ਧਰਮ ਅਤੇ ਰਾਜਨੀਤੀ ਇਕੱਠੇ ਨਹੀਂ ਚਲ ਸਕਦੇ। ਇਸ ਨਾਲ ਸਿਰਫ ਰੂੜੀਵਾਦ ਹੀ ਵਧਿਆ ਫੁਲਿਆ ਅਤੇ ਰਵਾਇਤੀ ਰਾਜਨੀਤਕ ਤਾਕਤਾਂ ਬੇਅਰਥ ਹੋ ਕੇ ਰਹਿ ਗਈਆਂ।

ਲੋਕਾਂ ਨੇ ਅਜ ਅੱਤਵਾਦ ਅਤੇ ਵੱਖਵਾਦ ਦੇ ਖਤਰੇ ਨੂੰ ਪੂਰੀ ਤਰਾਂ ਸਮਝ ਲਿਆ ਹੈ। ਸੀ. ਪੀ. ਆਈ. (ਐਮ) ਅਤੇ ਸੀ. ਪੀ. ਆਈ. ਵਲੋਂ ਏਥੋਂ ਤਕ ਕਿ ਆਪਣੇ ਕੁਝ ਪ੍ਰਮੁਖ ਕੇਡਰਾਂ ਦੀਆਂ ਕੀਮਤਾਂ ਜਾਨਾਂ ਦੀ ਕੀਮਤ ਤੇ ਕੀਤੇ ਗਏ ਕੰਮ ਤੋਂ ਪਤਾ ਚਲਦਾ ਹੈ ਕਿ ਲੋਕ ਲੜਨ ਲਈ ਤਿਆਰ ਹਨ। ਦੋਹਾਂ ਪਾਰਟੀਆਂ ਦੇ ਕੁਝ ਪ੍ਰਮੁਖ ਕੇਡਰਾਂ ਨੂੰ ਅੱਤਵਾਦੀਆਂ ਦੇ ਹਥੋਂ ਸ਼ਹੀਦ ਹੋਣਾ ਪਿਆ। ਸਰਕਾਰ ਦੀ ਤਰਫੋਂ ਝੂਠੀ ਤਸੱਲੀ ਤਬਾਹਕੁੰਨ ਸਾਬਤ ਹੋ ਸਕਦੀ ਹੈ ਕਿਉਂਕਿ ਉਸ ਅਨੁਸਾਰ ਲੋਕਾਂ ਨੇ ਇਸ ਲੜਾਈ ਵਿਚ ਕੋਈ ਵਡਾ ਰੋਲ ਅਦਾ ਨਹੀਂ ਕਰਨਾ। ਜੇ ਇਸ ਰੁਝਾਨ ਨੂੰ ਜਾਰੀ ਰਹਿਣ ਦੀ ਆਗਿਆ ਦਿਤੀ ਗਈ ਤਾਂ ਦਹਿਸ਼ਤਗਰਦ ਅਪਣੀਆਂ ਸਰਗਰਮੀਆਂ ਜਾਰੀ ਰਖਣਗੇ ਅਤੇ ਪੰਜਾਬ ਨੂੰ ਹੀ ਸਿਰਫ ਡਰ ਤੇ ਤਨਾਅ ਵਾਲੀ ਸਥਿਤੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਸਗੋਂ ਇਸ ਦੇ ਮਾੜੇ ਸਿਟੇ ਦੇਸ਼ ਦੇ ਦੂਸਰੇ ਹਿਸਿਆਂ ਵਿਚ ਵੀ ਨਿਕਲਣਗੇ।

ਇਸ ਲਈ ਬਿਨਾਂ ਹੋਰ ਦੇਰੀ ਕੀਤੇ ਦੇ ਪੰਜਾਬ ਸਮਸਿਆ ਦਾ ਰਾਜਨੀਤਕ ਹੱਲ ਲਭਣਾ ਬਹੁਤ ਜ਼ਰੂਰੀ ਹੈ। ਢਿਲਮਠ ਦੀ ਨੀਤੀ ਨੇ ਪਹਿਲਾਂ ਹੀ ਅੱਤਵਾਦੀਆਂ ਅਤੇ ਉਹਨਾਂ ਦੇ ਬਦੇਸ਼ੀ ਮਾਲਕਾਂ ਨੂੰ ਆਪਣੀਆਂ ਘਿਨਾਉਣੀਆਂ ਚਾਲਾਂ ਚਲਣ ਦਾ ਮੌਕਾ ਦਿਤਾ ਹੈ। ਰਾਸ਼ਟਰੀ ਰਾਜਨੀਤਕ ਪਾਰਟੀਆਂ ਨੂੰ ਇਸ ਨੂੰ ਸਿਰਫ ਪੰਜਾਬ ਦੀ ਸਮਸਿਆ ਜਾਂ ਰਾਜੀਵ ਗਾਂਧੀ ਦੀ ਸਿਰਦਰਦੀ ਹੀ ਨਹੀਂ ਸਮਝਣਾ ਚਾਹੀਦਾ। ਇਸ ਸਮਸਿਆ ਨੂੰ ਰਾਸ਼ਟਰੀ ਏਕਤਾ ਅਤੇ ਦੇਸ਼ ਦੀ ਸੁਤੰਤਰਤਾ ਅਤੇ ਪ੍ਰਭੁਸਤਾ ਦੀ ਰਾਖੀ ਦੇ ਵਿਸ਼ਾਲ ਨੁਕਤੇ ਨਜਰੀਏ ਤੋਂ ਦੇਖਿਆ ਜਾਣਾ ਚਾਹੀਦਾ ਹੈ। ਅੱਤਵਾਦ ਅਤੇ ਵੱਖਵਾਦ ਵਿਰੁਧ ਲੋਕਾਂ ਨੂੰ ਲਾਮਬੰਦ ਕਰਨ ਲਈ ਪੰਜਾਬ ਵਿਚ ਸਿਰਫ ਇਕ ਸਾਂਝੀ ਮੁਹਿੰਮ ਹੀ ਨਹੀਂ ਚਲਾਈ ਜਾਣੀ ਚਾਹੀਦੀ ਸਗੋਂ ਦਲੀਲ ਤੋਂ ਕੰਮ ਲੈਣ ਅਤੇ ਰਾਜਨੀਤਕ ਹੱਲ ਲਭਣ ਲਈ ਕੇਂਦਰ ਸਰਕਾਰ ਉਤੇ ਦਬਾਅ ਪਾਉਣ ਵਾਸਤੇ ਕੁਲ ਹਿੰਦ ਮੁਹਿੰਮ ਚਲਾਏ ਜਾਣ ਦੀ ਲੋੜ ਹੈ। ਇਸ ਪ੍ਰਕਿਰਿਆ ਲਈ ਪਹਿਲਕਦਮੀ ਕਰਨ ਵਾਸਤੇ ਅੱਤਵਾਦ ਅਤੇ ਵੱਖਵਾਦ ਵਿਰੁਧ ਸਾਰੇ ਅਕਾਲੀਆਂ ਦਾ ਸਾਂਝਾ ਸਟੈਂਡ ਬਹੁਤ ਜ਼ਿਆਦਾ ਸਹਾਈ ਹੋਵੇਗਾ।

ਪੰਜਾਬ ਨੇ ਭਾਰੀ ਦੁਖ ਝੱਲੇ ਹਨ। ਇਹ ਸਥਿਤੀ ਕਿਸੇ ਵੀ ਰਾਜਨੀਤਕ ਪਾਰਟੀ ਲਈ ਸਹਾਈ ਸਿਧ ਨਹੀਂ ਹੋਈ। ਮੁੜ ਸੋਚਣ ਅਤੇ ਕਿਸੇ ਵੀ ਰਾਜਨੀਤਕ ਪਾਰਟੀ ਦੇ ਸੌੜੇ ਹਿਤਾਂ ਨੂੰ ਦੇਸ਼ ਦੇ ਹਿਤਾਂ ਤੋਂ ਉਪਰ ਰਖਣ ਦਾ ਅਜੇ ਵੀ ਸਮਾਂ ਹੈ। ਅੱਤਵਾਦ ਵਿਰੁਧ ਲੜਨ, ਪੰਜਾਬ ਨੂੰ ਬਚਾਉਣ ਅਤੇ ਭਾਰਤ ਨੂੰ ਬਚਾਉਣ ਦਾ ਇਹੀ ਇਕੋ ਇਕ ਰਾਹ ਹੈ।

ਸਫਾ 23 ਦੀ ਬਾਕੀ

ਫਿਰ ਉਹ ਪਿਛੇ ਮੁੜਿਆ, ਜ਼ਖਮੀ ਗੀਤਾ ਵਲ ਵਧਿਆ...ਉਸ ਨੂੰ ਕਲਾਵੇ ਵਿਚ ਲਿਆ ਤੇ ਲੰਬੇ ਕਦਮੀ ਘਰ ਤੋਂ ਬਾਹਰ ਚਲਾ ਗਿਆ। ●

# ਅੱਤਵਾਦ, ਸੀ.ਆਈ.ਏ. ਤੇ ਭਾਰਤ

ਸਾਡੇ ਦੇਸ਼ ਅੰਦਰ ਜਿਹੜੀਆਂ ਅੱਤਵਾਦੀ-ਵੱਖਵਾਦੀ ਲਹਿਰਾਂ 1978 ਤੋਂ ਆਰੰਭ ਹੋਈਆਂ ਉਹਨਾਂ ਦੇ ਕਾਰਨ ਭਾਵੇਂ ਮੁਕਾਮੀ ਸਨ ਪਰ ਇਹਨਾਂ ਲਹਿਰਾਂ ਦੇ ਆਰੰਭ ਹੋਣ ਤੋਂ ਤੁਰੰਤ ਪਿਛੋਂ ਸੀ.ਆਈ.ਏ. ਨੇ ਆਪਣੇ ਲੁਕਵੇਂ ਵਸੀਲਿਆਂ ਰਾਹੀਂ ਇਹਨਾਂ ਨਾਲ ਸੰਪਰਕ ਪੈਦਾ ਕਰ ਲਿਆ। ਮਿਸਾਲ ਵਜੋਂ ਆਸਾਮ ਦੀ ਵੱਖਵਾਦੀ ਲਹਿਰ ਉਸ ਰਾਜ ਨੂੰ ਪਛੜਿਆ ਰਖਣ ਅਤੇ ਮੁਕਾਮੀ ਵਸੋਂ ਨੂੰ ਉਨਤੀ ਦੇ ਮੌਕੇ ਘੱਟ ਮਿਲਣ ਵਿਰੁਧ ਰੋਸ ਵਜੋਂ ਚਲਾਈ ਗਈ ਪਰ ਇਸਦੇ ਧੁਖਣ ਦੇ ਨਾਲ ਹੀ ਬਦੇਸ਼ੀ ਏਜੰਸੀਆਂ ਨੇ ਦਖਲ ਸ਼ੁਰੂ ਕਰ ਦਿਤਾ।

ਆਸਾਮ ਦੀ ਵੱਖਵਾਦੀ ਲਹਿਰ ਦੇ ਸਬੰਧ ਵਿਚ ਇਹ ਗਲ ਵੀ ਵਰਨਣ ਯੋਗ ਹੈ ਕਿ ਇਹ ਕੇਂਦਰ ਵਿਚ ਜਨਤਾ ਪਾਰਟੀ ਦੀ ਹਕੂਮਤ ਸਮੇਂ ਚਲੀ ਤੇ ਇਸ ਨੂੰ ਆਰੰਭ ਵਿਚ ਜਥੇਬੰਦ ਕਰਨ ਪਿਛੇ ਕਾਂਗਰਸ ਆਈ ਦਾ ਹੱਥ ਸੀ।

ਪੰਜਾਬ ਵਿਚ ਜਿਹੜੀ ਅੱਤਵਾਦੀ-ਵੱਖਵਾਦੀ ਲਹਿਰ ਚਲ ਰਹੀ ਹੈ ਇਹ ਵੀ ਆਰੰਭ ਵਿਚ ਕਾਂਗਰਸ ਆਈ ਵਲੋਂ ਆਪਣੇ ਤੰਗ-ਸਿਆਸੀ ਲਾਭਾਂ ਦੀ ਪੂਰਤੀ ਲਈ ਚਲਾਈ ਗਈ। ਇਸ ਦੇ ਚਲਣ ਸਾਰ ਹੀ ਬਦੇਸੀ ਏਜੰਸੀਆਂ ਨੇ ਆਪਣੀ ਦਖਲ-ਅੰਦਾਜ਼ੀ ਸ਼ੁਰੂ ਕਰ ਦਿੱਤੀ।

ਇਹ ਗਲ ਕਿਸ ਤੋਂ ਭੁਲੀ ਹੋਈ ਹੈ ਕਿ ਪਾਕਿਸਤਾਨ ਅੰਦਰ ਅੱਤਵਾਦੀ ਤੱਤਾਂ ਨੂੰ ਟਰੇਨਿੰਗ ਦੇਣ ਲਈ ਜਿਹੜੇ ਟਰੇਨਿੰਗ ਕੈਂਪ ਖੁਲ੍ਹੇ ਉਹਨਾਂ ਦੀ ਸਮੁਚੀ ਨਿਗਰਾਨੀ ਸੀ. ਆਈ. ਏ. ਨੇ ਕੀਤੀ।

ਪਛਮੀ ਦੇਸਾਂ ਅੰਦਰ ਜਿਹੜੇ ਵੱਖ ਵੱਖ ਖਾਲਿਸਤਾਨੀ ਗਰੁਪ ਕੰਮ ਕਰ ਰਹੇ ਹਨ ਉਹਨਾਂ ਨੂੰ ਸੀ. ਆਈ. ਏ. ਬੇ-ਬਹਾ ਧੰਨ ਦੇ ਰਹੀ ਹੈ। ਇਹਨਾਂ ਗਰੁਪਾਂ ਨਾਲ ਸੰਪਰਕ ਪਛਮੀ ਦੇਸਾਂ ਅੰਦਰਲੇ ਪਾਕਿਸਤਾਨੀ ਸਿਫਾਰਤਖਾਨਿਆਂ ਰਾਹੀਂ ਰਖਿਆ ਜਾ ਰਿਹਾ ਹੈ।

ਇਹ ਗਲ ਵੀ ਵਰਨਣਯੋਗ ਹੈ ਕਿ ਪੰਜਾਬ ਦੀ ਅੱਤਵਾਦੀ-ਵੱਖਵਾਦੀ ਲਹਿਰ ਨੂੰ ਜਿਹੜਾ ਬਦੇਸੀ ਧੰਨ ਪ੍ਰਾਪਤ ਹੋ ਰਿਹਾ ਹੈ ਉਹ ਪਛਮੀ ਦੇਸਾਂ ਵਿਚਲੇ ਖਾਲਿਸਤਾਨੀ ਤੱਤਾਂ ਰਾਹੀਂ ਹੀ ਪੁਜਦਾ ਹੈ।

ਅਮਰੀਕਾ ਦੀ ਖੁਫੀਆ ਜਥੇਬੰਦੀ ਕੇਵਲ ਭਾਰਤ ਵਿਚਲੀਆਂ ਅੱਤਵਾਦੀ-ਵੱਖਵਾਦੀ ਲਹਿਰਾਂ ਨਾਲ ਹੀ ਸੰਪਰਕ ਨਹੀਂ ਰਖ ਰਹੀ ਸਗੋਂ ਇਹ ਹੋਰ ਵੀ ਕਈ ਖੇਤਰਾਂ ਵਿਚ ਦਖਲ-ਅੰਦਾਜ਼ੀ ਕਰ ਰਹੀ ਹੈ।

ਸਾਡੇ ਦੇਸ ਨੂੰ ਵਹਿ-ਢੇਰੀ ਕਰਨ ਦੀ ਜਿਹੜੀ ਸਾਜ਼ਿਸ਼ ਚਲ ਰਹੀ ਹੈ ਉਸ ਵਿਚ ਸੀ. ਆਈ. ਏ. ਅਹਿਮ ਭੂਮਿਕਾ ਨਿਭਾ ਰਹੀ ਹੈ।

ਉਪਰੋਕਤ ਸਾਰੇ ਹੀ ਪਹਿਲੂਆਂ ਨੂੰ ਮੁੱਖ ਰਖਦਿਆਂ ਜਿਥੇ ਭਾਰਤ ਅੰਦਰ ਸੀ. ਆਈ. ਏ. ਦੀਆਂ ਸਰਗਰਮੀਆਂ ਉੱਤੇ ਕੜੀ ਨਜ਼ਰ ਰਖਣੀ ਚਾਹੀਦੀ ਹੈ ਓਥੇ ਉਹਨਾਂ ਸਮਸਿਆਵਾਂ ਨੂੰ ਵੀ ਤੁਰੰਤ ਹੱਲ ਕਰਨਾ ਚਾਹੀਦਾ ਹੈ ਜਿਨ੍ਹਾਂ ਨੂੰ ਵਧਾਉਣ ਲਈ ਸੀ. ਆਈ. ਏ. ਹਰ ਤਰਾਂ ਦੇ ਯਤਨ ਕਰਦੀ ਹੈ।

ਭਾਰਤ ਦੇ ਪਰਧਾਨ ਮੰਤਰੀ ਰਾਜੀਵ ਗਾਂਧੀ ਨੇ ਆਪਣੀ ਤਾਜ਼ਾ ਅਮਰੀਕੀ ਫੇਰੀ ਤੋਂ ਪਿਛੋਂ ਇਕ ਬਿਆਨ ਵਿਚ ਫਰਮਾਇਆ ਕਿ ਸਾਡੇ ਦੇਸ ਨੂੰ ਵਹਿ-ਢੇਰੀ ਕਰਨ ਲਈ ਜਿਹੜੇ ਯਤਨ ਹੋ ਰਹੇ ਹਨ ਉਹਨਾਂ ਵਿਚ ਸੀ. ਆਈ. ਏ. ਸ਼ਾਮਲ ਨਹੀਂ ਹੈ।

ਪਰਧਾਨ ਮੰਤਰੀ ਦਾ ਇਸ ਤਰਾਂ ਦਾ ਬਿਆਨ ਸਾਮਰਾਜ ਦੀਆਂ ਘਿਨਾਉਣੀਆਂ ਕਾਰਵਾਈਆਂ ਉੱਤੇ ਪਰਦਾਪੋਸ਼ੀ ਕਰਨ ਵਾਲਾ ਹੈ। ਇਸ ਤੋਂ ਬਿਨਾਂ ਇਸ ਤਰਾਂ ਦੇ ਬਿਆਨ ਸਾਮਰਾਜੀਆਂ ਅਤੇ ਉਹਨਾਂ ਦੇ ਏਜੰਟਾਂ ਵਿਰੁੱਧ ਚਲ ਰਹੇ ਸੰਘਰਸ਼ ਦੀ ਧਾਰਾ ਨੂੰ ਖੁੰਡਾ ਕਰਨ ਦੇ ਤੁੱਲ ਹਨ।

ਸਾਮਰਾਜੀ ਦੇਸਾਂ ਨੂੰ ਕਿਸੇ ਵੀ ਤਰਾਂ ਭਾਰਤ ਦੇ ਮਿੱਤਰ ਨਹੀਂ ਸਮਝਿਆ ਜਾਣਾਂ ਚਾਹੀਦਾ। ਜੇ ਆਜ਼ਾਦੀ ਤੋਂ ਪਿਛੋਂ ਦੇ ਇਤਿਹਾਸ ਉੱਤੇ ਝਾਤ ਮਾਰੀ ਜਾਵੇ ਤਾਂ ਇਸ ਸਿੱਟੇ ਤੇ ਪੁੱਜੇ ਬਿਨਾਂ ਨਹੀਂ ਰਿਹਾ ਜਾ ਸਕਦ ਕਿ ਬਰਤਾਨੀਆਂ ਅਤੇ ਅਮਰੀਕਾ ਨੇ ਪੈਰ ਪੈਰ ਉੱਤੇ ਭਾਰਤ ਲਈ ਮੁਸ਼ਕਲਾਂ ਪੈਦਾ ਕੀਤੀਆਂ। ਇਹਨਾਂ ਦੋਹਾਂ ਹੀ ਤਾਕਤਾਂ ਦੀ ਇਹ ਕੋਸ਼ਿਸ ਰਹੀ ਕਿ ਭਾਰਤ ਨੂੰ ਕਿਸੇ ਨਾ ਕਿਸੇ ਤਰਾਂ ਥੱਲੇ ਲਾਇਆ ਜਾਵੇ।

1965 ਵਿਚ ਪਾਕਿਸਤਾਨ ਨੇ ਕਸ਼ਮੀਰ ਵਿਚ ਘੁਸਪੈਠੀਏ ਭੇਜ ਕੇ ਭਾਰਤ ਵਿਰੁੱਧ ਜਿਹੜੀ ਲੜਾਈ ਆਰੰਭ ਕੀਤੀ ਸੀ ਉਸ ਦੇ ਪਿਛੇ ਬਰਤਾਨੀਆਂ ਅਤੇ ਅਮਰੀਕਾ ਸਨ। ਦੋਹਾਂ ਦਾ ਨਿਸ਼ਾਨਾ ਇਹ ਸੀ ਕਿ ਜੰਗ ਨਾਲ ਦੋਵੇਂ ਹੀ ਨਵ-ਆਜ਼ਾਦ ਦੇਸ ਤਬਾਹ ਹੋ ਜਾਣਗੇ ਅਤੇ ਫੇਰ ਇਹਨਾਂ ਨੂੰ ਹਰ ਤਰਾਂ ਦੀ ਦਖਲ-ਅੰਦਾਜ਼ੀ ਕਰਨ ਦਾ ਮੌਕਾ ਮਿਲੇਗਾ। ਪਰ ਸਾਮਰਾਜੀ ਦੇਸਾਂ ਦੀ ਇਹ ਸਾਜ਼ਿਸ਼ ਭਾਰਤ ਦੇ ਚੰਗੇ ਮਿੱਤਰ ਸੋਵੀਅਤ ਯੂਨੀਅਨ ਨੇ ਭਾਂਪ ਲਈ ਅਤੇ ਤੁਰੰਤ ਦਖਲ-ਅੰਦਾਜ਼ੀ ਕਰਕੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਸੁਲਾਹ ਕਰਵਾ ਦਿੱਤੀ। ਤਾਸ਼ਕੰਦ ਸੰਧੀ ਨਾਲ ਦੋਹਾਂ ਦੇਸਾਂ ਅੰਦਰ ਜੰਗ ਦਾ ਧੂਆਂ ਬੰਦ ਹੋ ਗਿਆ ਅਤੇ ਨਵ-ਆਜ਼ਾਦ ਦੇਸ ਆਰਥਕ ਤਬਾਹੀ ਤੋਂ ਬਚ ਗਏ।

ਇਸ ਤੋਂ ਪਿਛੋਂ ਭਾਰਤ ਨੇ ਜਦੋਂ ਬੰਗਲਾ ਦੇਸ਼ ਦੇ ਆਜ਼ਾਦੀ ਸੰਗਰਾਮ ਦੀ ਹਮਾਇਤ ਕੀਤੀ ਤਾਂ ਅਮਰੀਕਾ ਨੇ ਨਾ ਕੇਵਲ ਭਾਰਤ ਨੂੰ ਅੱਖਾਂ ਹੀ ਵਖਾਉਣੀਆਂ ਸ਼ੁਰੂ ਕਰ ਦਿਤੀਆਂ


**WHEATON**

**PONTIAC BUICK GMC LTD.**

ਨਵੀਆਂ ਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜਿਮੀ ਲੈਣ ਲਈ ਆਪਣੇ ਜਾਣੇ ਪਛਾਣੇ ਸੇਲਜ਼ਮੈਨ ਨੂੰ ਮਿਲੋ

ਕੁਲਦੀਪ ਸਿੰਘ ਝੰਡ ਨੂੰ ਫੂਨ ਕਰੋ ਜਾਂ ਮਿਲੋ



ਕੁਲਦੀਪ ਸਿੰਘ ਝੰਡ

**Bus. 526-2781**

**Res. 524-4137**

**Pager 687-7711 #7610**

**325 - 12th St., New Westminster, B.C.**

# ਇਹ ਨੁਕਤਾਚੀਨੀ ਕਰਨ ਵਾਲੇ !

ਪਿਛਲੇ ਦਿਨ ਮਹਾਂਰਾਸ਼ਟਰ ਵਿਚ ਇਕ ਸਮਾਗਮ ਵਿਚ ਬੋਲਦਿਆਂ ਪਰਧਾਨ ਮੰਤਰੀ ਰਾਜੀਵ ਗਾਂਧੀ ਨੇ ਭਾਰਤ-ਸ੍ਰੀਲੰਕਾ ਸਮਝੌਤੇ ਦੀ ਹਮਾਇਤ ਕਰਦਿਆਂ ਹੋਇਆਂ ਕਿਹਾ ਕਿ ਇਹ ਸਮਝੌਤਾ ਏਸ਼ੀਆ ਦੀ ਸੁਰਖਿਆ ਨੂੰ ਯਕੀਨੀ ਬਨਾਉਣ ਲਈ ਕੀਤਾ ਗਿਆ। ਉਹਨਾਂ ਕਿਹਾ ਕਿ ਭਾਵੇਂ ਕੁਝ ਅੜਿਕੇ ਖੜੇ ਹੋ ਗਏ ਹਨ ਪਰ ਮੈਨੂੰ ਪੂਰਾ ਭਰੋਸਾ ਹੈ ਕਿ ਅਸੀਂ ਸਮਝੌਤਾ ਪੂਰੀ ਤਰ੍ਹਾਂ ਲਾਗੂ ਕਰਾਂਗੇ।

ਪਰਧਾਨ ਮੰਤਰੀ ਨੇ ਕਿਹਾ ਕਿ ਪਾਕਿਸਤਾਨ, ਇਸਰਾਈਲ, ਬ੍ਰਿਟੇਨ ਅਤੇ ਦਖਣੀ ਅਫਰੀਕਾ ਦੇ ਕੁਝ ਸੁਆਰਥ ਇਸ ਮਾਮਲੇ ਵਿਚ ਸ਼ਰੀਕ ਹੋਣ ਲੱਗੇ ਹਨ।

ਜਦੋਂ ਭਾਰਤ ਨੇ ਸ੍ਰੀਲੰਕਾ ਨਾਲ ਸਮਝੌਤਾ ਕੀਤਾ ਸੀ ਤਾਂ ਇਸ਼ ਦਾ ਵਿਸ਼ਾਲ ਪੱਧਰ ਉੱਤੇ ਸੁਆਗਤ ਹੋਇਆ ਸੀ। ਇਸ ਸਮੇਂ ਸ੍ਰੀਲੰਕਾ ਵਿਚ ਸ਼ਾਂਤੀ ਸੈਨਾਵਾਂ ਜੋ ਕੁਝ ਵੀ ਕਰ ਰਹੀਆਂ ਹਨ ਉਹ ਸਮਝੌਤੇ ਦੀ ਸੇਧ ਵਿਚ ਹੀ ਹੋ ਰਿਹਾ ਹੈ।

ਸਾਡੇ ਦੇਸ ਅੰਦਰ ਕੁਝ ਹਲਕੇ ਉਸ ਪ ਲਸੀ ਦੀ ਨੁਕਤਾਚੀਨੀ ਕਰ ਰਹੇ ਹਨ ਜਿਹੜੀ ਕਿ ਭਾਰਤ ਸਰਕਾਰ ਨੇ ਸ੍ਰੀਲੰਕਾ ਦੇ ਸਬੰਧ ਵਿਚ ਅਪਣਾਈ ਹੈ।

ਸ੍ਰੀਲੰਕਾ ਸਬੰਧੀ ਭਾਰਤ ਦੀ ਪਾਲਸੀ ਦੀ ਨੁਕਤ ਚੀਨੀ ਕਰਨ ਵਾਲੇ ਇਹ ਲੋਕ ਓਹੀਹਨ ਜਿਨ੍ਹਾਂ ਨੂੰ ਨਾ ਹੀ ਭਾਰਤ ਦੀ ਨਿਰਪਖਤਾ ਦੀ ਨੀਤੀ ਪਸੰਦ ਹੈ ਅਤੇ ਨਾ ਹੀ ਇਸ ਨੀਤੀ ਤਹਿਤ ਪਿਛਲੇ ਸਮੇਂ ਵਿਚ ਪੁੱਟੇ ਗਏ ਹੋਰ ਕਦਮ।

ਭਾਰਤ ਸਰਕਾਰ ਦੀ ਉਪਰੋਕਤ ਪਾਲਸੀ ਦੀ ਨੁਕਤਾ-ਚੀਨੀ ਕਰਨ ਵਾਲਿਆਂ ਵਲੋਂ ਬੰਗਲਾ ਦੇਸ ਦੀ ਆਜ਼ਾਦੀ ਦੀ ਹਮਾਇਤ ਦਾ ਵੀ ਵਿਰੋਧ ਕੀਤਾ ਗਿਆ ਸੀ ਅਤੇ ਫੇਰ ਪਿਛੋਂ ਭਾਰਤ ਵਲੋਂ ਸੋਵੀਅਤ ਯੂਨੀਅਨ ਨਾਲ ਕੀਤੀ ਗਈ ਅਮਨ, ਦੋਸਤੀ ਅਤੇ ਮਿਲਵਰਤੋਂ ਦੀ ਸੰਧੀ ਦਾ ਵੀ।

ਨੁਕਤਾਚੀਨੀ ਕਰਨ ਵਾਲੇ ਇਹ ਸੱਜਣ ਪ ਕਿਸਤਾਨ ਨੂੰ ਅਮਰੀਕਾ ਵਲੋਂ ਧੜਾ ਧੜ ਨਵੀਨ ਹਥਿਆਰਾਂ ਦੀ ਹੋ ਰਹੀ ਸਪਲਾਈ ਦੇ ਪਿਛੋਕੜ ਵਿਚ ਭਾਰਤ ਨੂੰ ਉਸ ਪਾਸੇ ਵਲੋਂ ਵਧ ਰਹੇ ਖਤਰਿਆਂ ਨੂੰ ਵੀ ਘਟਾਕੇ ਵੇਖ ਰਹੇ ਹਨ।

ਭਾਰਤ ਸਰਕਾਰ ਨਿਰਪੱਖਤਾ ਦੀ ਬਦੇਸੀ ਨੀਤੀ ਉੱਤੇ ਚਲਦਿਆਂ ਹੋਇਆਂ ਜਿਥੇ ਸੰਸਾਰ ਅਮਨ ਲਈ ਖਲੋਂਦੀ ਹੈ ਓਥੇ ਇਹ ਆਪਣੇ ਗੁਆਂਢੀਆਂ ਨਾਲ ਚੰਗੇ ਸਬੰਧ ਬਨਾਉਣ ਦੀ ਵੀ ਇੱਛਕ ਹੈ। ਇਸ ਸੇਧ ਅੱਗੇ ਵਧਦਿਆਂ ਇਸ ਵਲੋਂ ਲੋਕ ਚੀਨ ਨਾਲ ਆਪਣੇ ਸਬੰਧ ਸੁਧਾਰਨ ਲਈ ਤੇਜ਼ ਕਦਮ ਪੁੱਟੇ ਜਾ ਰਹੇ ਹਨ।

ਭਾਰਤ ਸਰਕਾਰ ਪਾਕਿਸਤਾਨ ਨਾਲ ਆਪਣੇ ਸਬੰਧ ਚੰਗੇਰੇ ਬਨਾਉਣ ਦੀ ਵੀ ਹਰ ਕੋਸ਼ਿਸ਼ ਕਰ ਰਹੀ ਹੈ ਭਾਵੇਂ ਕਿ ਪਾਕਿਸਤਾਨ ਦੀ ਫੌਜੀ ਹਕੂਮਤ ਬਹੁਤ ਸਾਰੀਆਂ ਭਾਰਤ-ਦੋਖੀ ਕਾਰਵਾਈਆਂ ਕਰ ਰਹੀ ਹੈ ਜਿਨ੍ਹਾਂ ਵਿਚ ਦਹਿਸ਼ਤਗਰਦਾਂ ਨੂੰ ਟਰੇਨਿੰਗ ਦੇਣਾਂ ਅਤੇ ਹਥਿਆਰ ਦੇਣਾ ਵੀ ਸ਼ਾਮਲ ਹੈ।

ਇਹ ਗਲ ਹੁਣ ਇਕ ਨੰਗੀ-ਚਿੱਟੀ ਹਕੀਕਤ ਹੈ ਕਿ ਅੱਤਵਾਦੀਆਂ ਤੋਂ ਜਿਹੜੇ ਵੀ ਨਵੀਨ-ਹਥਿਆਰ ਫੜੇ ਜਾ ਰਹੇ

ਸਗੋਂ ਆਪਣਾ ਸੱਤਵਾਂ ਬੇੜਾ ਵੀ ਬੰਗਾਲ ਦੀ ਖਾੜੀ ਵੱਲ ਤੋਰ ਦਿਤਾ। ਇਸ ਤਰਾਂ ਦੀ ਸਥਿਤੀ ਵਿਚ ਭਾਰਤ ਦੇ ਮਿੱਤਰ ਦੇਸ਼ ਸੋਵੀਅਤ ਯੂਨੀਅਨ ਨੇ ਭਾਰਤ ਦੀ ਹਰ ਤਰਾਂ ਨਾਲ ਮਦਦ ਦਾ ਭਰੋਸਾ ਦਵਾਇਆ ਅਤੇ ਸਿਟੇ ਵਜੋਂ ਦੋਹਾਂ ਦੇਸ਼ਾਂ ਵਿਚਕਾਰ ਅਮਨ, ਦੋਸਤੀ ਅਤੇ ਮਿਲਵਰਤੋਂ ਦੀ ਸੰਧੀ ਹੋਈ। ਇਹ ਇਸ ਸੰਧੀ ਕਾਰਨ ਹੀ ਸੀ ਕਿ ਅਮਰੀਕਾ ਨੂੰ ਆਪਣਾ ਸਤਵਾਂ ਬੇੜਾ ਬੰਗਾਲ ਦੀ ਖਾੜੀ ਨੇੜੇ ਲਿਆਉਣ ਦੀ ਹਿੰਮਤ ਨਾ ਪਈ।

ਇਸ ਤਰਾਂ ਅਮਰੀਕਾ ਅਤੇ ਬਰਤਾਨੀਆ ਦੀ ਭਾਰਤ-ਦੁਸ਼ਮਣੀ ਦਾ ਇਤਿਹਾਸ ਕਾਫੀ ਲੰਮਾਂ ਹੈ।

ਹਨ ਉਹ ਸਾਰੇ ਹੀ ਪਾਕਿਸਤਾਨ ਵਿਚੋਂ ਆ ਰਹੇ ਹਨ।

ਭਾਰਤ ਸਰਕਾਰ ਦੀਆਂ ਗੁਆਂਢੀਆਂ ਨਾਲ ਸਬੰਧ ਚੰਗੇ ਬਨਾਉਣ ਦੀਆਂ ਕੋਸ਼ਿਸ਼ਾਂ ਦੇ ਹੁੰਦਿਆਂ ਹੋਇਆਂ ਇਹ ਗਲ ਨੋਟ ਕੀਤੇ ਬਿਨਾ ਨਹੀਂ ਰਿਹਾ ਜਾ ਸਕਦਾ ਕਿ ਅਮਰੀਕੀ ਸਾਮਰਾਜ ਉੱਤੋਂ ਉੱਤੋਂ ਭਾਰਤ ਦਾ ਹਮਾਇਤੀ ਦਰਸਾਉਣ ਦੇ ਨਾਲ ਨਾਲ ਭਾਰਤ ਲਈ ਨਾ ਕੇਵਲ ਕਈ ਤਰਾਂ ਦੀਆਂ ਮੁਸ਼ਕਲਾਂ ਹੀ ਖੜੀਆਂ ਕਰ ਰਿਹਾ ਹੈ ਸਗੋਂ ਡਰਾਉਣ ਧਮਕਾਉਣ ਲਈ ਹੋਰ ਕਈ ਤਰਾਂ ਦੇ ਦਾਅ-ਪੇਚ ਵਰਤ ਰਿਹਾ ਹੈ।

ਹਿੰਦ ਉਪ-ਮਹਾਂਦੀਪ ਵਿਚ ਅਮਰੀਕਾ ਇਸ ਪਾਲਸੀ ਤਹਿਤ ਚਲ ਰਿਹਾ ਹੈ ਕਿ ਭਾਰਤ ਦੇ ਗੁਆਂਢੀ ਰਾਜਾਂ-ਪਾਕਿਸ-ਤਾਨ, ਬੰਗਲਾ ਦੇਸ, ਨਿਪਾਲ ਅਤੇ ਸ੍ਰੀਲੰਕਾ ਵਿਚ ਆਪਣੀ ਹਰ ਤਰਾਂ ਦੀ ਦਖਲ-ਅੰਦਾਜ਼ੀ ਵਧਾਈ ਜਾਵੇ। ਪਾਕਿਸਤਾਨ ਇਕ ਅਜੇਹਾ ਦੇਸ ਹੈ ਜਿਹੜਾ ਕਿ ਮੁਕੰਮਲ ਤੌਰ ਉੱਤੇ ਅਮਰੀਕਾ ਦੇ ਪੰਜੇ ਹੇਠ ਆ ਚੁਕਾ ਹੈ ਅਤੇ ਤੇਜ਼ੀ ਨਾਲ ਅਮਰੀਕਾ ਦਾ ਪੁਰਾਣੇ ਇਰਾਨ ਵਰਗਾ ਅੱਡਾ ਬਣਦਾ ਜਾ ਰਿਹਾ ਹੈ।

ਜਿਥੋਂ ਤਕ ਬੰਗਲਾ ਦੇਸ ਦਾ ਸਬੰਧ ਹੈ ਓਥੇ ਵੀ ਅਮਰੀਕਾ ਦਾ ਦਖਲ ਚੋਖਾ ਹੈ ਅਤੇ ਉਸ ਦੇਸ ਨੂੰ ਵੀ ਅਮਰੀਕਾ ਆਪਣਾ ਅੱਡਾ ਬਨਾਉਣ ਲਈ ਸਭੇ ਤਰਾਂ ਦੇ ਯਤਨ ਜਾਰੀ ਰਖ ਰਿਹਾ ਹੈ।

ਜਿਸ ਕਿਸਮ ਦੇ ਸ੍ਰੀਲੰਕਾ ਦੇ ਹਾਲਾਤ ਹਨ ਉਹਨਾਂ ਨੂੰ ਮੁੱਖ ਰਖਦਿਆਂ ਓਥੇ ਅਮਰੀਕਾ ਦੀ ਦਖਲ-ਅੰਦਾਜ਼ੀ ਦੇ ਵਧਣ ਦਾ ਭਾਰੀ ਖਤਰਾ ਸੀ ਭਾਵੇਂ ਕਿ ਇਹ ਦਖਲ-ਅੰਦਾਜ਼ੀ ਪਹਿਲਾਂ ਵੀ ਕਈ ਸ਼ਕਲਾਂ ਵਿਚ ਮੌਜੂਦ ਸੀ।

ਭਾਰਤ ਸਰਕਾਰ ਨੇ ਸ੍ਰੀਲੰਕਾ ਨਾਲ ਆਪਣੇ ਸਬੰਧ ਚੰਗੇ ਬਨਾਉਣ ਅਤੇ ਉਸ ਦੇਸ ਅੰਦਰ ਅਮਰੀਕਾ ਦੇ ਵਧ ਰਹੇ ਦਖਲ ਨੂੰ ਭਾਂਪਦਿਆਂ ਰਾਸ਼ਟਰਪਤੀ ਜੇਵਰਧਨੇ ਨਾਲ ਗਲਬਾਤ ਚਲਾਈ ਜਿਸ ਦੇ ਸਿੱਟੇ ਵਜੋਂ ਦੋਹਾਂ ਦੇਸਾਂ ਵਿਚਕਾਰ ਇਕ ਸਮਝੌਤਾ ਹੋਇਆ। ਇਸ ਸਮਝੌਤੇ ਤਹਿਤ ਭਾਰਤ ਦੀਆਂ ਸ਼ਾਂਤੀ ਸੈਨਾਵਾਂ ਓਥੇ ਗਈਆਂ ਹਨ ਅਤੇ ਇਸ ਗਲ ਦੀ ਭਾਰੀ ਸੰਭਾਵਨਾ ਹੈ ਕਿ ਇਸ ਸਭ ਕੁਝ ਨਾਲ ਚੰਗੇ ਪਾਸੇ ਵੱਲ ਮੋੜਾ ਪਵੇਗਾ ਅਤੇ ਪੈਦਾ ਹੋਏ ਖਤਰੇ ਘਟਣਗੇ। ਅਮਰੀਕੀ ਸਾਮਰਾਜ ਜਿਵੇਂ ਉਸ ਦੇਸ ਨੂੰ ਆਪਣਾਂ ਇਕ ਪੱਕਾ ਅੱਡਾ ਬਨਾਉਣ ਦੀ ਧਾਰੀ ਬੈਠਾ ਸੀ ਉਸ ਦੀ ਆਸ ਨੂੰ ਵੀ ਬੂਰ ਨਹੀਂ ਪਵੇਗਾ।

ਸਾਡੇ ਦੇਸ਼ ਅੰਦਰ ਕੁਝ ਸ਼ਕਤੀਆਂ ਅਜੇਹੀਆਂ ਹਨ ਜਿਨ੍ਹਾਂ ਨੇ ਭਾਰਤ ਦੀ ਸ੍ਰੀ ਲੰਕਾ ਬਾਰੇ ਪਾਲਸੀ ਦਾ ਵਿਰੋਧ


## ਭਾਰਤੀ ਆਰਟ ਜਿਊਲਰ

**ਸੋਹਣੇ ਗਹਿਣੇ ਭਾਰਤੀ ਡਿਜ਼ਾਇਨਾਂ ਵਿੱਚ ਬਣਾਉਣ ਲਈ ਸਾਡੀ ਦੁਕਾਨ ਤੇ ਆਕੇ ਦਰਸ਼ਨ ਦਿਓ।**

ਅਸੀਂ ਈਸਟ ਇੰਡੀਅਨ ਗਹਿਣੇ ਬਣਾਉਣ 'ਚ ਮਾਹਰ ਅਤੇ ਕਰਾਫਟਵੇਅਰ, ਓਰੀਐਂਟਲ, ਚਾਂਦੀ ਸੋਨੇ ਦੇ ਗਹਿਣਿਆਂ ਦੀ ਮੁਰੰਮਤ ਵੀ ਕਰਦੇ ਹਾਂ। ਅਸੀਂ ਕੰਨਾਂ ਤੇ ਨੱਕ ਲਈ ਪਿਜਜ਼ ਵੀ ਬਣਾਉਂਦੇ ਹਾਂ।

**BHARTI ART JEWELLERS**
**6524 MAIN STREET, VANCOUVER B.C.**

**Bns. 327-8711 Res. 879-5610**

# ਵੀਹ ਵੱਡੇ ਇਜਾਰੇਦਾਰ ਘਰਾਣਿਆਂ ਦੀ ਜਾਇਦਾਦ 'ਚ ਭਾਰੀ ਵਾਧਾ

ਭਾਰਤ ਦੇ ਵੀਹ ਵਡੇ ਇਜਾਰੇਦਾਰ ਘਰਾਣਿਆਂ ਦੀ ਜਾਇਦਾਦ ਵਿਚ ਭਾਰੀ ਵਾਧਾ ਹੋ ਗਿਆ ਹੈ। ਤਿੰਨ ਨਵੰਬਰ ਨੂੰ ਲੋਕ ਸਭਾ 'ਚ ਇਕ ਸੁਆਲ ਦੇ ਜਵਾਬ ਵਿਚ ਸਨਅਤ ਵਿਕਾਸ ਰਾਜ ਮੰਤਰੀ ਸ੍ਰੀ ਐਮ. ਅਰੁਨਾਚਲਮ ਨੇ ਦਸਿਆ ਹੈ ਕਿ ਵੀਹ ਵਡੇ ਇਜਾਰੇਦਾਰ ਘਰਾਣਿਆਂ ਦੀ ਜਾਇਦਾਦ 1983 ਦੀ 13103.54 ਕਰੋੜ ਰੁਪਏ ਤੋਂ ਵਧਕੇ 1984 ਵਿਚ 15548.75 ਕਰੋੜ ਰੁਪਏ (18.7%) 1985 'ਚ 20136.93 ਕਰੋੜ ਰੁਪਏ (29.5%) ਹੋ ਗਈ। ਇਹਨਾਂ ਵੀਹਾਂ ਵਿਚੋਂ ਬਿਰਲਾ ਘਰਾਣਾ ਸਭ ਤੋਂ ਉਪਰ ਹੈ ਜਿਸ ਦੀ ਜਾਇਦਾਦ 4111.55 ਕਰੋੜ ਰੁਪਏ ਹੈ ਅਤੇ ਇਕ ਸਾਲ 'ਚ 154 ਕਰੋੜ ਮੁਨਾਫਾ ਕਮਾਉਂਦਾ ਹੈ। ਦੂਜੇ ਨੰਬਰ 'ਤੇ ਟਾਟਾ ਅਤੇ ਤੀਜੇ ਦਰਜੇ ਉਪਰ ਥਾਪਰ ਘਰਾਣਾ ਆਉਂਦਾ ਹੈ।

1985 ਵਿਚ ਇਹਨਾਂ ਵੀਹ ਵਡੇ ਇਜਾਰੇਦਾਰ ਘਰਾਣਿਆਂ ਦੀ ਜਾਇਦਾਦ ਬਾਰੇ ਅੰਕੜੇ ਹੇਠ ਪ੍ਰਕਾਰ ਹਨ :

| ਲੜੀ ਨੰ: | ਇਜਾਰੇਦਾਰ ਘਰਾਣੇ ਦਾ ਨਾਂਅ | ਜਾਇਦਾਦ (ਕਰੋੜ ਰੁਪਿਆਂ 'ਚ) | ਮੁਨਾਫਾ (ਕਰੋੜ ਰੁਪਿਆਂ 'ਚ) |
|---|---|---|---|
| 1. | ਬਿਰਲਾ | 4111.55 | 154.00 |
| 2. | ਟਾਟਾ | 3698.84 | 251.83 |
| 3. | ਥਾਪਰ | 1067.86 | 22.15 |
| 4. | ਜੇ:ਕੇ. ਸੰਘਾਨੀਆਂ | 1057.03 | 19.09 |
| 5. | ਰਿਲਾਇੰਸ | 1056.36 | 71.62 |
| 6. | ਮਫਤ ਲਾਲ | 964.60 | 45.02 |
| 7. | ਮੋਦੀ | 818.86 | 19.28 |
| 8. | ਐਮ.ਏ. ਚਿੰਦਮਬਰਮ | 773.27 | 44.09 |
| 9. | ਏ.ਸੀ.ਸੀ. | 742.68 | 1.76 |
| 10. | ਲਾਰਸਨ ਐਂਡ ਟੁਬਰੋ | 714.93 | 40.70 |
| 11. | ਬੰਗੁਰ | 650.87 | 8.07 |
| 12. | ਬਜਾਜ | 619.87 | 41.11 |
| 13. | ਬਾਲ ਚੰਦ | 607.18 | 22.12 |
| 14. | ਸ੍ਰੀ ਰਾਮ | 541.78 | 12.39 |
| 15. | ਟੀ.ਵੀ.ਐਸ. ਵਿਅੰਗਰ | 519.30 | 31.00 |
| 16. | ਆਈ.ਸੀ.ਆਈ. | 446.96 | 32.80 |
| 17. | ਸਾਰਾਭਾਈ | 444.83 | (—) 14.72 |
| 18. | ਹਿੰਦੋਸਤਾਨ ਲੀਵਰ | 435.96 | 62.43 |
| 19. | ਕਿਰਲੋਸਕਰ | 433.01 | 22.05 |
| 20. | ਮਹਿੰਦਰਾ ਐਂਡ ਮਹਿੰਦਰਾ | 431.19 | 19.64 |

ਸਫਾ 15 ਦੀ ਬਾਕੀ

ਭਾਰਤੀ ਕਮਿਊਨਿਟੀ ਵਿਚੋਂ ਮਿ. ਚਰਨਪਾਲ ਗਿੱਲ ਨੂੰ ਬਿਨਾਂ ਕਿਸੇ ਮਤਭੇਦ ਦੇ ਪੂਰੀ ਹਮਾਇਤ ਮਿਲਣੀ ਚਾਹੀਦੀ ਸੀ ਜੋ ਕਿ ਮਿਲੀ ਨਹੀਂ। ਕੁਝ ਲੋਕਾਂ ਨੇ ਕਈ ਪਾਸੀਂ ਹੁੰਗਾਰਾ ਭਰਿਆ। ਮੀਟਿੰਗਾਂ ਕਿਸੇ ਨਾਲ ਕੀਤੀਆਂ ਵੋਟਾਂ ਕਿਸੇ ਨੂੰ ਪਾਈਆਂ। ਅਜਿਹੇ ਮੌਕਾਪ੍ਰਸਤ ਸਟੈਂਡ ਉਮੀਦਵਾਰਾਂ ਨੂੰ ਭੁਲੇਖੇ ਪੈਦਾ ਕਰਨ ਦੇ ਕਾਰਨ ਬਣਦੇ ਹਨ।

ਹਰ ਬੰਦੇ ਨੂੰ ਇਹ ਪੂਰਾ ਹੱਕ ਹੈ ਕਿ ਉਹ ਉਮੀਦਵਾਰ ਦੇ ਤੌਰ ਉਪਰ ਖੜਾ ਹੋ ਸਕਦਾ ਹੈ, ਪਰ ਜੇਕਰ ਉਹ ਕਦੀ ਸਮਾਜੀ ਤੇ ਕਮਿਊਨਿਟੀ ਦੇ ਕੰਮਾਂ ਵਿਚ ਭਾਗ ਹੀ ਨਹੀਂ ਲੈਂਦਾ ਅਤੇ ਚੋਣਾਂ ਸਮੇਂ ਉਮੀਦਵਾਰ ਬਣ ਜਾਂਦਾ ਹੈ ਤਾਂ ਉਹ ਨਿਸਚੇ ਹੀ ਦਰੁਸਤ ਕੰਮ ਨਹੀਂ ਕਰ ਰਿਹਾ ਹੁੰਦਾ। ਉਸ ਦੀਆਂ ਵੋਟਾਂ ਵੀ ਵਿਅਰਥ ਜਾਂਦੀਆਂ ਹਨ ਅਤੇ ਕਿਸੇ ਦੂਜੇ ਉਮੀਦਵਾਰ ਦੀ ਹਾਰ ਦਾ ਕਾਰਨ ਵੀ ਬਣਦੀਆਂ ਹਨ। ਚੋਣਾਂ ਵਰਗੇ ਮਸਲੇ ਵਿਚ ਇਸ ਤਰ੍ਹਾਂ ਦੀ ਗੈਰ ਸੰਜੀਦਾ ਖੇਡ ਕਮਿਊਨਿਟੀ ਲਈ ਨੁਕਸਾਨਦੇਹ ਹੁੰਦੀ ਹੈ।

ਆਖਰ ਵਿਚ ਇਹੋ ਹੀ ਨਤੀਜਾ ਦੇਖਣ ਨੂੰ ਪ੍ਰਾਪਤ ਹੁੰਦਾ ਹੈ ਕਿ ਸਰ੍ਹੀ ਦੀ ਨਵੀਂ ਚੁਣੀ ਗਈ ਕੌਂਸਲ ਮੇਅਰ ਬਾਬ ਬੋਸ ਅਗਵਾਈ ਵਿਚ ਵੱਧ ਤੋਂ ਵੱਧ ਲੋਕਪੱਖੀ ਕੰਮ ਕਰਨ ਦੇ ਯੋਗ ਹੋਵੇਗੀ। ਇਸ ਲਈ ਲੋਕਾਂ ਨੂੰ ਵੱਖੋ ਵੱਖ ਮਸਲਿਆਂ ਉਪਰ ਆਪਣਾ ਪ੍ਰੈਸ਼ਰ ਪਾਉਣਾ ਲਾਜ਼ਮੀ ਹੋਵੇਗਾ ਕਿਉਂਕਿ ਐਲਡਰਮੈਨਾਂ ਦਾ ਇਹ ਗਰੁਪ ਵੱਖੋ ਵੱਖ ਵਿਚਾਰਾਂ ਦਾ ਹੈ।

ਇਥੇ ਇਹ ਵੀ ਆਸ ਰੱਖ ਸਕਦੇ ਹਾਂ ਕਿ ਅਗਲੇ ਸਾਲ ਹੋਣ ਵਾਲੀਆਂ ਮਿਉਂਸਪਲ ਚੋਣਾਂ ਦੇ ਸਮੇਂ ਸਰ੍ਹੀ ਨੂੰ 'ਨੀਊਕਲਰ ਫਰੀ ਸਿਟੀ' ਬਣਾਉਣ ਦਾ ਰੈਫਰੈਂਡਮ ਵੀ ਕਰਵਾਇਆ ਜਾਵੇਗਾ।

ਵੈਸੇ ਤਾਂ ਚੋਣਾਂ ਦੇ ਹੋਰ ਵੀ ਕਈ ਪੱਖਾਂ ਉਪਰ ਵਿਚਾਰ ਕੀਤੀ ਜਾ ਸਕਦੀ ਹੈ, ਪਰ ਮਹੱਤਵਪੂਰਨ ਉਪਰੋਕਤ ਪੱਖ ਹੀ ਸੀ ਜੋ ਕਿ ਭਵਿਖ ਵਿਚ ਦੂਰਦਰਸ਼ਤਾ ਅਤੇ ਰਾਜਨੀਤਕ ਸੂਝਬੂਝ ਨਾਲ ਨਜਿਠਿਆ ਜਾਣਾ ਚਾਹੀਦਾ ਹੈ। ●


For all your real-estate needs, contact the

Experienced Realtor
In Surrey
Specialising in
Custom-built
New Houses

GARY
SANGHERA

Office: 588-9955

Lakeview Realty Ltd.
10732 King George Hwy. Surrey.



GARY SANGHERA


ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਉਹ ਆਖ ਰਹੇ ਹਨ ਕਿ ਭਾਰਤ ਨੂੰ ਸ੍ਰੀ ਲੰਕਾ ਨਾਲ ਇਸ ਕਿਸਮ ਦਾ ਸਮਝੌਤਾ ਨਹੀਂ ਸੀ ਕਰਨਾ ਚਾਹੀਦਾ।

ਦਰਅਸਲ ਜਿਹੜੇ ਲੋਕ ਇਸ ਕਿਸਮ ਦੀ ਨੁਕਤਾਚੀਨੀ ਕਰ ਰਹੇ ਹਨ ਉਹ ਭਾਰਤ ਵਿਰੁੱਧ ਅਮਰੀਕੀ ਸਾਜ਼ਿਸ਼ਾਂ ਨੂੰ ਅੱਖੋਂ ਪਰੋਖੇ ਕਰ ਰਹੇ ਹਨ।

ਅਮਰੀਕਾ ਭਾਰਤ ਨੂੰ ਡਰਾਉਣ ਧਮਕਾਉਣ ਲਈ ਜਿਥੇ ਕਈ ਤਰਾਂ ਦੇ ਦਾਅ-ਪੇਚ ਵਰਤ ਰਿਹਾ ਹੈ ਉਥੇ ਇਸ ਨੂੰ ਦੋਖੀ-ਰਾਜਾਂ ਰਾਹੀਂ ਘੇਰਨ ਦੀ ਪਾਲਸੀ ਵੀ ਜਾਰੀ ਰਖ ਰਿਹਾ ਹੈ। ਇਸ ਤੋਂ ਬਿਨਾਂ ਦੇਸ ਨੂੰ ਅੰਦਰੋਂ ਢਾਹ ਲਾਉਣ ਲਈ ਅੱਤਵਾਦੀ-ਵੱਖਵਾਦੀ ਲਹਿਰਾਂ ਦੀ ਵੀ ਹਰ ਢੰਗ ਨਾਲ ਮਦਦ ਕਰ ਰਿਹਾ ਹੈ ਜਿਵੇਂ ਕਿ ਪੰਜਾਬ ਦੀ ਅੱਤਵਾਦੀ-ਵੱਖਵਾਦੀ ਲਹਿਰ ਨੂੰ ਅਮਰੀਕੀ ਸਾਮਰਾਜ ਦੀ ਸ਼ਹਿ ਤੇ ਮਦਦ ਸਪਸ਼ਟ ਰੂਪ ਵਿਚ ਵਖਾਈ ਦੇ ਰਹੀ ਹੈ।

ਭਾਰਤ ਸ੍ਰੀਲੰਕਾ ਸਮਝੌਤੇ ਦੀ ਨੁਕਤਾਚੀਨੀ ਕਰਨ ਵਾਲਿਆਂ ਨੂੰ ਇਸ ਸਭ ਕੁਝ ਉੱਤੇ ਡੂੰਘੀ ਝਾਤ ਮਾਰਨੀ ਚਾਹੀਦੀ ਹੈ ਅਤੇ ਅਮਰੀਕੀ ਸਾਮਰਾਜ ਦੀਆਂ ਭਾਰਤ-ਵਿਰੋਧੀ ਚਾਲਾਂ ਅਤੇ ਸਾਜ਼ਿਸ਼ਾਂ ਨੂੰ ਕਿਸੇ ਵੀ ਤਰਾਂ ਘਟਾਕੇ ਨਹੀਂ ਵੇਖਣਾ ਚਾਹੀਦਾ। ●

# ਸਰਹੱਦ ਉੱਤੇ ਅਮਨ ਲਈ ਯਤਨ ਜਾਰੀ......

ਨਵੀਂ ਦਿੱਲੀ ਵਿਚ ਭਾਰਤ ਅਤੇ ਲੋਕ ਚੀਨ ਵਿਚ-ਕਾਰ ਐਤਵਾਰ ਨੂੰ ਅਰੰਭ ਹੋਈ ਅਠਵੇਂ ਗੇੜ ਦੀ ਵਾਰਤਾ ਮੰਗਲਵਾਰ ਸ਼ਾਮ ਨੂੰ ਖ਼ਤਮ ਹੋ ਗਈ। ਇਹ ਵਾਰਤਾ ਬੜੇ ਹੀ ਚੰਗੇ ਮਾਹੌਲ ਵਿਚ ਹੋਈ ਅਤੇ ਇਸ ਵਿਚ ਮੁਖ ਰੂਪ ਵਿਚ ਸਰਹੱਦੀ ਸੁਆਲ ਹੀ ਵਿਚਾਰਿਆ ਗਿਆ।

ਇਸ ਗਲਬਾਤ ਦੇ ਖ਼ਾਤਮੇ ਤੋਂ ਪਿਛੋਂ ਦੋਹਾਂ ਧਿਰਾਂ ਵਲੋਂ ਜਿਹੜਾ ਸਾਂਝੇ ਤੌਰ ਤੇ ਪ੍ਰਤੀਕਰਮ ਦਿੱਤਾ ਗਿਆ ਹੈ ਉਸ ਤੋਂ ਇਹ ਵਿਸ਼ਵਾਸ਼ ਬਝਦਾ ਹੈ ਕਿ ਗਲਬਾਤ ਵਿਚ ਚੋਖੀ ਪ੍ਰਗਤੀ ਹੋਈ ਹੈ। ਗਲਬਾਤ ਦੀ ਸਮਾਪਤੀ ਤੇ ਹੋਏ ਜਸ਼ਨ ਵਿਚ ਦੋਵੇਂ ਹੀ ਧਿਰਾਂ ਬੜੀਆਂ ਖ਼ੁਸ਼ ਖ਼ੁਸ਼ ਨਜ਼ਰ ਆ ਰਹੀਆਂ ਸਨ। ਇਸ ਤੋਂ ਬਿਨਾ ਲੋਕ ਚੀਨ ਦੇ ਵਫਦ ਦੇ ਆਗੂ ਦਾ ਬਿਆਨ ਵੀ ਇਸ ਪੱਖ ਤੋਂ ਬੜਾ ਉਤਸ਼ਾਹੀ ਸੀ ਕਿ ਦੋਵੇਂ ਦੇਸ ਇਸ ਖਿੱਤੇ ਵਿਚ ਅਮਨ ਚਾਹੁੰਦੇ ਹਨ।

ਗਲਬਾਤ ਤੋਂ ਪਿੱਛੋਂ ਸਰਕਾਰੀ ਬੁਲਾਰੇ ਨੇ ਦਸਿਆ ਕਿ ਭਾਰਤ ਤੇ ਲੋਕ ਚੀਨ ਦੋਹਾਂ ਨੇ ਹੀ ਜਿੰਨੀ ਵੀ ਛੇਤੀ ਹੋ ਸਕੇ ਸਰਹੱਦੀ ਝਗੜਾ ਨਪਟਾਉਣ ਦਾ ਫੈਸਲਾ ਕੀਤਾ ਹੈ।

ਬੁਲਾਰੇ ਅਨੁਸਾਰ ਦੋਵੇਂ ਹੀ ਧਿਰਾਂ ਗਲਬਾਤ ਰਾਹੀਂ ਮਸਲੇ ਦਾ ਨਪਟਾਰਾ ਹੋਣ ਤਕ ਸਮੁੱਚੀ ਹੀ ਸਰਹੱਦ ਉਤੇ ਅਮਨ ਰਖਣ ਅਤੇ ਮੌਜੂਦਾ ਪੁਜ਼ੀਸ਼ਨਾਂ ਉਤੇ ਟਿਕੀਆਂ ਰਹਿਣ ਲਈ ਸਹਿਮਤ ਹੋਈਆਂ ਹਨ।

ਬੁਲਾਰੇ ਅਨੁਸਾਰ ਗਲਬਾਤ ਸਮੇਂ ਭਾਰਤ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਉਹ ਲੋਕ ਚੀਨ ਨਾਲ ਆਪਣੇ ਸਬੰਧ ਹੋਰ ਵੀ ਚੰਗੇਰੇ ਬਨਾਉਣ ਅਤੇ ਆਪਸੀ ਵਿਸ਼ਵਾਸ਼ ਤੇ ਮਿਲ-ਵਰਤੋਂ ਵਧਾਉਣ ਲਈ ਖਲੋਂਦਾ ਹੈ। ਦੂਜੇ ਪਾਸੇ ਲੋਕ ਚੀਨ ਦੇ ਵਫਦ ਨੇ ਵੀ ਏਸੇ ਕਿਸਮ ਦੀ ਧਾਰਨਾ ਪ੍ਰਗਟ ਕਰਦਿਆਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਉਹਨਾਂ ਦੀ ਸਰਕਾਰ ਭਾਰਤ ਨਾਲ ਦੋਸਤਾਨਾ ਸਬੰਧਾਂ ਨੂੰ ਬੜੀ ਮਹੱਤਤਾ ਦਿੰਦੀ ਹੈ ਅਤੇ ਦੋਸਤੀ ਤੇ ਆਪਸੀ ਭਰੋਸੇ ਵਾਲੇ ਸਬੰਧਾਂ ਦੀ ਸਥਾਪਤੀ ਦੀ ਆਸ ਕਰਦੀ ਹੈ।

ਦੋਹਾਂ ਹੀ ਵਫਦਾਂ ਨੇ ਇਸ ਗੱਲ ਉਤੇ ਜ਼ੋਰ ਦਿਤਾ ਕਿ ਏਸ਼ੀਆ ਵਿਚ ਅਮਨ ਲਈ ਲੋਕ ਚੀਨ-ਭਾਰਤ ਦੋਸਤਾਨਾ ਸਬੰਧ ਬਹੁਤ ਹੀ ਜ਼ਰੂਰੀ ਹਨ ਅਤੇ ਕਈ ਖੇਤਰਾਂ ਵਿਚ ਮਿਲਵਰਤੋਂ ਵਧ ਉਣ ਦੀਆਂ ਭਾਰੀ ਸੰਭਾਵਨਾਵਾਂ ਹਨ।

ਦੋਹਾਂ ਧਿਰਾਂ ਵਿਚਕਾਰ ਗੱਲਬਾਤ ਦੇ ਸਬੰਧ ਵਿਚ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇਸ ਵਿਚ ਕੌਮਾਂਤਰੀ ਅਵੱਸਥਾ ਬਾਰੇ ਕਾਰਆਮਦ ਵਿਚਾਰ-ਵਟਾਂਦਰਾ ਕੀਤਾ ਗਿਆ।

ਅੱਠਵੇਂ ਗੇੜ ਦੀ ਗੱਲਬਾਤ ਦੇ ਆਰੰਭ ਹੋਣ ਤੋਂ ਪਹਿਲਾਂ ਜਿਸ ਕਿਸਮ ਦੇ ਪ੍ਰਭਾਵ ਲੋਕ ਚੀਨ ਦੇ ਵਫਦ ਦੇ ਆਗੂ ਨੇ ਦਿਤੇ ਸਨ ਉਹਨਾਂ ਤੋਂ ਹੀ ਇਸ ਗੱਲ ਦਾ ਸੰਕੇਤ ਮਿਲਦਾ ਸੀ ਕਿ ਭਾਵੇਂ ਇਸ ਗੱਲਬਾਤ ਵਿਚ ਕੋਈ ਠੋਸ ਗੱਲ ਸਾਹਮਣੇ ਨਾ ਆਏਗੀ ਫੇਰ ਵੀ ਇਹ ਗੱਲਬਾਤ ਕਾਫੀ ਲਾਭਕਾਰੀ ਰਹੇਗੀ।

ਅਠਵੇਂ ਗੇੜ ਦੀ ਗਲਬਾਤ ਦੀ ਇਹ ਕੋਈ ਘੱਟ ਪ੍ਰਾਪਤ ਨਹੀਂ ਕਿ ਸਰਹੱਦੀ ਝਗੜੇ ਦੇ ਨਬੇੜੇ ਲਈ ਯਤਨ ਜਾਰੀ ਰਖਣ ਦੇ ਨਾਲ ਨਾਲ ਇਕ ਤਾਂ ਕੋਈ ਵੀ ਧਿਰ ਕਿਸੇ ਤਰਾਂ ਦੀ ਵੀ ਸਰਹੱਦੀ ਉਲੰਘਣਾ ਨਹੀਂ ਕਰੇਗੀ ਅਤੇ ਸਰਹੱਦ ਉਤੇ ਸ਼ਾਂਤੀ ਰਖੀ ਜਾਵੇਗੀ ਅਤੇ ਦੂਜੇ ਪਾਸੇ ਦੋਹਾਂ ਦੇਸਾਂ ਵਿਚਕਾਰ ਮਿਲ-ਵਰਤੋਂ ਹੋਰ ਵਧਾਉਣ ਲਈ ਤੇਜ਼ ਕਦਮ ਪੁੱਟੇ ਜਾਣਗੇ।

ਅੱਠਵੇਂ ਗੇੜ ਦੀ ਇਹ ਗੱਲਬਾਤ ਸ਼ੁਰੂ ਹੋਣ ਤੋਂ ਪਹਿਲਾਂ ਸਾਡੇ ਦੇਸ ਅੰਦਰ ਕੁਝ ਅਖਬਾਰਾਂ ਵਲੋਂ ਇਸ ਕਿਸਮ ਦੀਆਂ ਖਬਰਾਂ ਧੁਮਾਈਆਂ ਗਈਆਂ ਸਨ ਕਿ ਲੋਕ ਚੀਨ ਨੇ ਅਰੁੰਚਲ ਪ੍ਰਦੇਸ ਦੇ ਖੇਤਰ ਵਿਚ ਕਬਜ਼ਾ ਕਰ ਰਖਿਆ ਹੈ ਅਤੇ ਚੀਨ ਦੀਆਂ ਫੌਜਾਂ ਵਲੋਂ ਬਾਰ ਬਾਰ ਸਰਹੱਦ ਦੀ ਉਲੰਘਣਾ ਕੀਤੀ ਜਾ ਰਹੀ ਹੈ। ਏਹੋ ਹੀ ਨਹੀਂ ਕੁਝ ਅਖਬਾਰਾਂ ਵਿਚ ਇਸ ਕਿਸਮ ਦੇ ਲੇਖ ਵੀ ਛਾਪੇ ਗਏ ਸਨ ਜਿੰਨਾਂ ਵਿਚ ਇਹ ਦਲੀਲਾਂ ਦਿਤੀਆਂ ਗਈਆਂ ਸਨ ਕਿ ਜਿੰਨਾ ਚਿਰ "ਲੋਕ ਚੀਨ ਭਾਰਤ ਦੇ ਮੱਲੇ ਇਲਾਕੇ ਨਹੀਂ ਛਡਦਾ" ਓਨਾ ਚਿਰ ਤਕ ਚੀਨ ਨਾਲ ਕੋਈ ਗਲਬਾਤ ਨਾ ਕੀਤੀ ਜਾਵੇ।

ਅਠਵੇਂ ਗੇੜ ਦੀ ਗੱਲਬਾਤ ਤੋਂ ਪਹਿਲਾਂ ਪ੍ਰੈਸ ਦੇ ਕੁਝ ਹਲਕਿਆਂ ਵਲੋਂ ਇਸ ਕਿਸਮ ਦੀਆਂ ਖਬਰਾਂ ਵੀ ਧੁਮਾਈਆਂ ਗਈਆਂ ਸਨ ਕਿ ਇਹ ਆਖਰੀ ਗੇੜ ਹੋਵੇਗਾ ਅਤੇ ਗਲਬਾਤ ਬਿਨਾ ਕਿਸੇ ਸਿੱਟੇ ਦੇ ਟੁੱਟ ਜਾਵੇਗੀ। ਪਰ ਇਹ ਸੱਭੇ ਕਹਾ-ਣੀਆਂ ਹੀ ਗਲਤ ਸਿੱਧ ਹੋਈਆਂ ਹਨ ਅਤੇ ਅਠਵੇਂ ਗੇੜ ਦੀ ਗਲਬਾਤ ਦੇ ਜਿਹੜੇ ਸਿੱਟੇ ਸਾਹਮਣੇ ਆਏ ਹਨ ਉਹਨਾਂ ਨੇ ਇਸ ਕਿਸਮ ਦੀਆਂ ਸੱਭੇ ਹੀ ਕਹਾਣੀਆ ਉਤੇ ਪਾਣੀ ਫੇਰ ਦਿਤਾ ਹੈ ਅਤੇ ਦੇਸ ਅੰਦਰ ਜਿਹੜੀਆਂ ਸ਼ਕਤੀਆਂ ਹਿੰਦ-ਚੀਨ ਦੋਸਤੀ ਦੀਆਂ ਵਿਰੋਧੀ ਹਨ ਉਹਨਾਂ ਦੇ ਮੂੰਹ ਟੱਡੇ ਰਹਿ ਗਏ ਹਨ।

ਨਵੀਂ ਦਿੱਲੀ ਵਿਚ ਅਠਵੇਂ ਗੇੜ ਦੀ ਗਲਬਾਤ ਆਰੰਭ ਹੋਣ ਤੋਂ ਪਹਿਲਾਂ ਅਸੀਂ ਜਿਹੜੀ ਇਹ ਭਵਿਖ-ਬਾਣੀ ਕੀਤੀ ਸੀ ਕਿ ਵਰਤਲਾਪ ਦੇ ਚੰਗੇ ਸਿੱਟੇ ਨਿਕਲਨਗੇ ਅਤੇ ਸਰਹੱਦੀ ਝਗੜੇ ਦੇ ਨਬੇੜੇ ਲਈ ਵੀ ਘੱਟ-ਵੱਧ ਆਪਸੀ ਸਹਿਮਤੀ ਹੋ ਜਾਵੇਗੀ ਜਿਸ ਦੇ ਆਧਾਰ ਤੇ ਅਗੋਂ ਨਬੇੜਾ ਸੌਖਾ ਹੋ ਜਾਵੇਗਾ ਉਹ ਲਗਪਗ ਦਰੁਸਤ ਸਿੱਧ ਹੋਈ ਹੈ।

ਵਾਰਤਾਲਾਪ ਦੇ ਹਰ ਗੇੜ ਵਿਚ ਲੋਕ ਚੀਨ ਅਤੇ ਭਾਰਤ ਇਕ ਦੂਜੇ ਦੇ ਨੇੜੇ ਹੀ ਆਉਂਦੇ ਗਏ ਅਤੇ ਮੌਜੂਦਾ ਗੱਲਾਂਬਾਤਾਂ ਵਿਚ ਜਿਸ ਕਿਸਮ ਦੀਆਂ ਪੁਜ਼ੀਸ਼ਨਾਂ ਦੋਹਾਂ ਹੀ ਧਿਰਾਂ ਨੇ ਲਈਆਂ ਹਨ ਉਹਨਾਂ ਤੋਂ ਇਹ ਪੱਕਾ ਵਿਸ਼ਵਾਸ਼ ਬੱਝਦਾ ਹੈ ਕਿ ਸਰਹੱਦੀ ਝਗੜੇ ਦਾ ਨਬੇੜਾ ਕੋਈ ਬਹੁਤਾ ਮੁਸ਼ਕਲ ਨਹੀਂ।

ਬਾਕੀ ਸਫ਼ਾ 21 ਉਤੇ


DOSANJH & PIRANI

#202 - 5887 Victoria Drive, Vancouver, B.C. V5P 3W5

Phone 327-6381

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ਼ੀਦਣ ਤੇ ਵੇਚਣ ਦੇ ਕਾਗਜ਼ਾਤ

● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

# ਬੁਰਜੂਆ ਅਤੇ ਸਮਾਜਵਾਦੀ ਜਮਹੂਰੀਅਤ ਵਿਚਕਾਰਲਾ ਫਰਕ

ਕੀ ਵੈਰਭਾਵੀ ਜਮਾਤਾਂ ਵਿਚ ਵੰਡੇ ਹੋਏ ਸਮਾਜ ਵਿਚ 'ਨਿਰੋਲ ਜਮਹੂਰੀਅਤ' ਦੀ ਗੱਲ ਕੀਤੀ ਜਾ ਸਕਦੀ ਹੈ ? ਜਿਹੜੀ ਜਮਹੂਰੀਅਤ ਮੌਜੂਦ ਹੈ ਉਹ 'ਨਿਰੋਲ ਜਮਹੂਰੀਅਤ' ਨਹੀਂ ਸਗੋਂ ਜਾਂ ਤਾਂ ਬੁਰਜੂਆ ਜਮਹੂਰੀਅਤ ਹੈ ਜਾਂ ਪਰੋਲਤਾਰੀ ਜਮਹੂਰੀਅਤ ਹੈ । ਬੁਰਜੂਆ ਜਮਹੂਰੀਅਤ ਨੇ ਜਗੀਰਦਾਰੀ ਦੀ ਅਤੇ ਪਰੋਲਤਾਰੀ ਜਮਹੂਰੀਅਤ ਨੇ ਪੂੰਜੀਵਾਦ ਦੀ ਥਾਂ ਲਈ। ਬੁਰਜੂਆ ਜਮਹੂਰੀਅਤ ਹੀ ਨਹੀਂ ਸਗੋਂ ਸਮਾਜਵਾਦੀ ਜਮਹੂਰੀਅਤ ਵੀ 'ਨਿਰੋਲ', 'ਜਮਾਤੋਂ-ਉੱਚੀ' ਪਰਣਾਲੀ ਨਹੀਂ ਹੋ ਸਕਦੀ । ਇਹਦਾ ਜਮਾਤੀ ਲੱਛਣ ਰਿਹਾ ਹੈ ਅਤੇ ਉਸ ਸਮੇਂ ਤਕ ਰਹੇਗਾ, ਜਿੰਨਾ ਚਿਰ ਤਕ, ਸੁਭਾਵਿਕ ਕਾਰਨਾਂ ਕਰਕੇ, ਸਮਾਜ ਸਬੰਧਤ ਦੇਸ਼ ਵਿਚ ਜਾਂ ਸੰਸਾਰ ਮੰਚ ਉਤੇ ਹੋ ਰਹੇ ਜਮਾਤੀ ਸੰਗਰਾਮਾਂ ਦੇ ਪਰਭਾਵ ਅਧੀਨ ਵਿਕਾਸ ਕਰਦਾ ਰਹੇਗਾ।

ਜਮਾਤੀ ਤੌਰ ਉਤੇ ਵੰਡੇ ਹੋਏ ਕਿਸੇ ਵੀ ਸਮਾਜ ਵਿਚ ਜਮਹੂਰੀਅਤ ਸਮਾਜਕ ਪਰਣਾਲੀ ਦੇ ਲੱਛਣ ਉਤੇ ਅਤੇ ਉਹਦੀ ਆਰਥਕ ਤੇ ਸਮਾਜਕ ਬਣਤਰ ਉਤੇ ਨਿਰਭਰ ਕਰਦੀ ਹੈ । ਬੁਰਜੂਆ ਸਮਾਜ ਵਿਚ ਜਮਹੂਰੀਅਤ ਬੁਰਜੂਆਜ਼ੀ ਲਈ ਸੁਖਾਵੇਂ ਜਮਾਤੀ ਦਾਬੇ ਦਾ ਇਕ ਰੂਪ ਹੁੰਦੀ ਹੈ । ਇਹ ਨਿੱਜੀ ਸੰਪਤੀ ਅਤੇ ਲੁੱਟ-ਚੋਘ, ਆਰਥਕ, ਰਾਜਨੀਤਕ ਅਤੇ ਆਤਮਕ ਨਾਬਰਾਬਰੀ ਨੂੰ ਬਣਾਈ ਰਖਦੀ ਹੈ ਅਤੇ ਉਹਦਾ ਪੱਖ ਪੂਰਦੀ ਹੈ । ਬੁਰਜੂਆ ਰਾਜਾਂ ਵਿਚ ਸੱਤਾ ਉਹਨਾਂ ਲੋਕਾਂ ਕੋਲ ਹੁੰਦੀ ਹੈ ਜਿਹੜੇ ਪੈਦਾਵਾਰ ਦੇ ਸਾਧਨਾਂ ਦੇ ਮਾਲਕ ਹੁੰਦੇ ਹਨ, ਭਾਵ ਸੱਤਾ ਪੂੰਜੀਪਤੀਆਂ ਅਤੇ ਉਹਨਾਂ ਦੇ ਸਰਬ ਸਮਰੱਥ ਗੱਠਜੋੜਾਂ, ਇਜਾਰੇਦਾਰੀਆਂ ਕੋਲ ਹੁੰਦੀ ਹੈ । ਉਹਨਾਂ ਕੋਲ ਬੁਰਜੂਆ ਰਾਜ ਦੀ ਅਸਲ ਮਾਲਕੀ ਹੁੰਦੀ ਹੈ । ਕੋਈ ਵੀ ਪੂੰਜੀਵਾਦੀ ਰਾਜ, ਭਾਵੇਂ ਉਹ ਗਣਰਾਜ ਹੋਵੇ ਜਾਂ ਬਾਦਸ਼ਾਹਤ,ਕਿਰਤੀ ਲੋਕਾਂ ਵਿਰੁਧ ਸੇਧੀ ਹੋਈ ਬੁਰਜੂਆਜ਼ੀ ਦੀ ਡਿਕਟੇਟਰੀ ਹੁੰਦਾ ਹੈ । ਬੁਰਜੂਆ ਸਮਾਜ ਵਿਚ ਕਿਸੇ ਵੀ ਤਰਾਂ ਦੀ ਜਮਹੂਰੀਅਤ ਮੌਜੂਦ ਹੋਵੇ, ਅਸਲ ਵਿਚ ਉਹ ਲੋਟੂਆਂ ਲਈ, ਘੱਟ-ਗਿਣਤੀ ਲਈ ਹੁੰਦੀ ਹੈ ।

ਬੁਰਜੂਆ ਵਿਚਾਰਕ ਰਾਜਨੀਤਕ ਪਰਣਾਲੀ ਦੇ ਅਸਲ ਜਮਾਤੀ ਸਾਰ ਦੀ ਥਾਂ ਰਾਜਨੀਤਕ ਬਹੁਵਾਦ ਅਤੇ ਵਿਰੋਧੀ ਪਾਰਟੀਆਂ ਦੀ ਮੌਜੂਦਗੀ ਨੂੰ ਕਿਸੇ ਵਿਸ਼ੇਸ਼ ਸਮਾਜ ਦੀ ਜਮਹੂਰੀਅਤ ਦਾ ਮੁਖ ਚਿੰਨ੍ਹ ਸਮਝਦੇ ਹਨ । ਪਰ ਇਹ ਕਿਸੇ ਵੀ ਤਰ ਰਾਜਨੀਤਕ ਸ਼ਕਤੀਆਂ ਜਾਂ ਅਨੇਕ ਪਾਰਟੀਆਂ ਦੀ ਖੇਡ ਨਹੀਂ ਹੈ ਜਿਹੜੀ ਕਿਸੇ ਸਮਾਜਕ ਪਰਣਾਲੀ ਦੀ ਜਮਹੂਰੀਅਤ ਨੂੰ ਮਿਥਦੀ ਹੈ । ਇਹ ਰਾਜ-ਸੱਤਾ ਉਤੇ ਲੋਕਾਂ ਦੇ ਪਰਭਾਵ ਦੀ ਹੱਦ ਅਤੇ ਸਰਕਾਰ ਵਿਚ ਲੋਕਾਂ ਦੇ ਵਿਸ਼ਾਲ ਸਮੂਹਕ ਦੀ ਭਿਆਲੀ ਹਨ ਜਿਹੜੀਆਂ ਸੱਚੀ ਜਮਹੂਰੀਅਤ ਦੇ ਮੁੱਖ ਲੱਛਣ ਬਣਦੀਆਂ ਹਨ । ਇਸ ਲਈ ਨਾਂ-ਮਾਤਰ ਜਮਹੂਰੀਅਤ ਦੀ ਥਾਂ ਅਸਲ ਜਮਹੂਰੀਅਤ ਦੀ ਗੱਲ ਕੇਵਲ ਉਦੋਂ ਹੀ ਕੀਤੀ ਜਾ ਸਕਦੀ ਹੈ, ਜਦੋਂ ਰਾਜਨੀਤਕ ਸੱਤਾ ਲੋਕਾਂ ਦੀ ਵਿਸ਼ਾਲ ਬਹੁਗਿਣਤੀ ਦੇ ਹਿਤਾਂ ਦਾ ਅਤੇ ਉਹਨਾਂ ਦੀ ਇੱਛਾ ਦਾ ਪ੍ਰਗਟਾਵਾ ਕਰਨ ਵਾਲੀ ਜਮਾਤ ਦੇ ਹੱਥਾਂ ਵਿਚ ਹੋਵੇ ।

ਇਤਿਹਾਸ ਵਲੋਂ ਠੀਕ ਸਿੱਧ ਕੀਤੇ ਗਏ ਇਸ ਹਵਾਲਾ-ਮਿਆਰ ਨੂੰ ਜਾਣ-ਬੁਝ ਕੇ ਅੱਖੋਂ ਓਹਲੇ ਕਰਦਿਆਂ ਅੱਜ ਦੇ ਕਮਿਊਨਿਸਟ ਵਿਰੋਧੀ ਬੁਰਜੂਆ ਜਮਹੂਰੀਅਤ ਨੂੰ ਇਕ ਨਮੂਨਾ, ਜਮਹੂਰੀਅਤ ਦਾ ਇਕ ਸਰੇਸ਼ਟ ਨਮੂਨਾ ਸਿੱਧ ਕਰਨ ਲਈ ਵਾਰ ਵ ਰ ਜਤਨ ਕਰ ਰਹੇ ਹਨ । ਇਸ ਗੱਲ ਬਾਰੇ ਕੋਈ ਵਿਵਾਦ ਨਹੀਂ ਕਿ ਬੁਰਜੂਆਜ਼ੀ ਨੇ ਆਪਣੀਆਂ ਜਮਹੂਰੀ ਸੰਸਥਾਵਾਂ ਕਾਇਮ ਕਰ ਲਈਆਂ ਹਨ : ਪਾਰਲੀਮੈਂਟਾਂ, ਚੁਣੀ ਹੋਈ ਸਰਕਾਰ ਅਤੇ ਕਿਤੇ ਕਿਤੇ ਸਰਬ ਵਿਆਪਕ ਮੱਤ-ਅਧਿਕਾਰ । ਬੁਰਜੂਆ ਸਮਾਜ ਵਿਚ ਮੱਤ ਸੰਗ੍ਰਹਿਆਂ, ਬਹਿਸਾਂ, ਅੰਤਰ-ਪਾਰਟੀ ਅਤੇ ਪਾਰਲੀਮੈਂਟ ਅੰਦਰਲੇ ਸੰਗਰਾਮਾਂ ਜਾਂ ਪਰੇਸ ਵਲੋਂ ਖੋਲੇ ਜਾਂਦੇ ਸਨਸਨੀਖੇਜ਼ ਭੇਤਾਂ ਦੀ ਕੋਈ ਥੁੜ ਨਹੀਂ ਹੁੰਦੀ । ਪਰ ਇਹ ਸਾਰੇ ਜਮਹੂਰੀਅਤ ਦਿਖਾਵੇ ਹਨ ਜਿਹਨਾਂ ਵਿਚ ਹਾਕਮ ਬੁਰਜੂਆ ਜਮਾਤ ਦੇ ਮੂਲ ਹਿਤ ਕਦੇ ਵੀ ਸ਼ਾਮਲ ਨਹੀਂ ਹੁੰਦੇ ।

ਬੁਰਜੂਆ ਜਮਹੂਰੀਅਤ ਕੌਮ ਦੇ ਰਾਜਨੀਤਕ ਜੀਵਨ ਵਿਚ ਨਾਗਰਿਕਾਂ ਦੀ ਭਿਆਲੀ ਦੇ ਅਧਿਕਾਰ ਨੂੰ ਨਾਂ-ਮਾਤਰ ਹੀ ਪਰਵਾਨ ਕਰਦੀ ਹੈ, ਜਦੋਂ ਕਿ ਅਸਲ ਵਿਚ ਵਸੋਂ ਦੇ ਵਡੇਰੇ ਹਿਸੇ ਨੂੰ ਉਹਦੀਆਂ ਹੇਠਲੀਆਂ ਸਮਾਜਕ ਪਰਤਾਂ ਨੂੰ ਉਸ ਸੰਭਾਵਨਾ ਤੋਂ ਵਾਂਝਿਆਂ ਰਖਦੀ ਹੈ ।ਪੂੰਜੀਵਾਦੀ ਦੇਸ਼ਾਂ ਦੇ ਸੰਵਿਧਾਨਾਂ ਵਿਚ ਕੀਤੇ ਗਏ ਵਾਅਦਿਆਂ ਅਤੇ ਕਿਰਤੀ ਲੋਕਾਂ ਦੇ ਅਸਲ ਅਧਿਕਾਰਾਂ ਵਿਚਕਾਰਲਾ ਵਿਸ਼ਾਲ ਖੱਪਾ ਬੁਰਜੂਆ ਜਮਹੂਰੀਅਤ ਦਾ ਇਕ ਮੁੱਖ ਲੱਛਣ, ਇਹਦੇ ਸਵੈ-ਵਿਰੋਧ ਦਾ ਇਕ ਮੁੱਖ ਸੋਮਾ ਰਿਹਾ ਹੈ ਅਤੇ ਹੁਣ ਵੀ ਹੈ ।

ਪੂੰਜੀਵਾਦੀ ਦੇਸ਼ਾਂ ਦੇ ਕਿਰਤੀ ਲੋਕਾਂ ਕੋਲ ਬੁਰਜੂਆ ਚੋਣ ਪ੍ਰਣਾਲੀ ਦੇ ਵਿਖਾਵੇ ਨੂੰ ਸਮਝਣ ਲਈ ਆਪਣੇ ਹੀ ਤਜਰਬੇ ਤੋਂ ਵਧੇਰੇ ਹੀ ਵਧੇਰੇ ਸਬੂਤ ਮਿਲ ਰਿਹਾ ਹੈ । ਉਹ ਇਹ ਗੱਲ ਸਮਝਦੇ ਹਨ ਕਿ ਕੇਵਲ ਇਕ ਹੀ ਸਮਾਂ ਅਜਿਹਾ ਹੁੰਦਾ ਹੈ ਜਦੋਂ ਬੁਰਜੂਆ ਰਾਜਨੀਤੀਵਾਨ ਆਮ ਚੋਣਕਾਰ ਦੀ ਵੋਟ ਵਿਚ ਕੋਈ ਦਿਲਚਸਪੀ ਪ੍ਰਗਟਾਉਂਦੇ ਹਨ ਅਤੇ ਉਹ ਹੁੰਦਾ ਹੈ ਚੋਣਾ ਦਾ ਸਮਾਂ । ਉਹਤੋਂ ਮਗਰੋਂ ਕਿਰਤੀ ਲੋਕਾਂ ਦੀ ਰਾਇ ਨੂੰ ਅੱਖੋਂ ਓਹਲੇ ਕੀਤਾ ਜਾ ਸਕਦਾ ਹੈ । ਇਸੇ ਕਰਕੇ ਚੋਣਾਂ ਵਿਚ ਭਿਆਲੀ ਘਟਦੀ ਆ ਰਹੀ ਹੈ । ਉਦਾਹਰਨ ਵਜੋਂ, ਨਤੀਜੇ ਦੇ ਤੌਰ ਉੱਤੇ ਪਰ-


**VICKY CONSTRUCTION CO.**

- Vinyl Siding
- Soffits and all Finishing Jobs
- Free Estimate

**Ph. (604) 581-6506** (after 8 p.m.)

**Star Drywall Construction Co. Ltd.**

- Complete Drywall Service
- Guaranteed Work
- Free Estimates

**Sahib or Nake**
**Ph. (604) 589-4830**

P.O.BOX 639
SURREY, B.C. V3T 5L9

ਪਰ ਰੀਗਨ ਵੋਟ ਦੇਣ ਦਾ ਅਧਿਕਾਰ ਰੱਖਣ ਵਾਲੇ ਕੁਲ ਅਮਰੀਕੀ ਲੋਕਾਂ ਦੇ ਕੇਵਲ 26 ਫੀਸਦੀ ਵਲੋਂ ਹੀ ਚੁਣਿਆ ਗਿਆ ਸੀ। ਕਿਹਾ ਜਾ ਸਕਦਾ ਹੈ ਕਿ ਰੀਗਨ, ਪਰਧਾਨ ਵਜੋਂ, ਨਾਂ-ਮਾਤਰ ਜਮਹੂਰੀਅਤ ਦੇ ਨਜ਼ਰੀਏ ਤੋਂ ਵੀ ਕੰਮ ਦੀ ਘੱਟ ਗਿਣਤੀ ਦੀ ਪ੍ਰਤੀਨਿਧਤਾ ਕਰਦਾ ਹੈ।

ਸਾਮਰਾਜਵਾਦ ਦੇ ਜੁੱਗ ਵਿਚ ਬੁਰਜੂਆ ਸਮਾਜ ਦਾਬੇ ਦੇ ਸਰਬ-ਸਤਾ-ਵਾਦੀ, ਫੌਜਵਾਦੀ ਅਤੇ ਫਾਸ਼ੀ ਢੰਗ ਅਪ-ਣਾਉਣ ਵੱਲ ਦਾ ਸਦਾ ਮੌਜੂਦ ਰੁਝਾਨ ਪ੍ਰਗਟਾਉਂਦਾ ਆ ਰਿਹਾ ਹੈ। ਹੁਣ ਜੇ ਵਰਤਮਾਨ ਸਮੇਂ ਵਿਚ ਸਾਮਰਾਜਵਾਦੀ ਤਾਕਤਾਂ ਦੀਆਂ ਹਾਕਮ ਜਮਾਤਾਂ ਜਮਹੂਰੀ ਗੁਣਾਂ ਨੂੰ ਇਕ ਵਾਰਿਉਂ ਹੀ ਤਿਆਗਣ ਦੀ ਅਜੇ ਦਲੇਰੀ ਨਹੀਂ ਕਰਦੀਆਂ ਤਾਂ ਇਹ ਅਸੂਲੀ ਤੌਰ ਉਤੇ ਪੂੰਜੀਵਾਦੀ ਰਾਜਾਂ ਵਿਚਲੇ ਅੰਦਰੂਨੀ ਸੰਕਟ ਦੇ ਹੋਰ ਵੀ ਡੂੰਘੇਰੇ ਹੋ ਜਾਣ ਸਬੰਧੀ ਉਹਨਾਂ ਦੇ ਡਰ ਕਰਕੇ ਹੀ ਹੈ। ਤਾਂ ਵੀ ਇਹ ਰੁਝਾਨ ਸਾਰੇ ਪੂੰਜੀਵਾਦੀ ਸੰਸਾਰ ਵਿਚ ਜ਼ੋਰ ਫੜਦਾ ਆ ਰਿਹਾ ਹੈ। ਇਸ ਗੱਲ ਨੂੰ ਪ੍ਰਗਟਾਉਣ ਵਾਲਾ ਇਕ ਤੱਥ ਇਹ ਹੈ ਕਿ ਮੋਹਰੀ ਸਾਮਰਾਜ-ਵਾਦੀ ਰਾਜਾਂ ਵਿਚ, ਸਭ ਤੋਂ ਪਹਿਲਾਂ ਅਮਰੀਕਾ ਵਿਚ ਜਮਹੂਰੀਅਤ-ਵਿਰੋਧੀ ਵਿਵਸਥਾ ਕਾਇਮ ਕੀਤੀ ਜਾ ਰਹੀ ਹੈ, ਜਦੋਂ ਕਿ ਉਹ ਰਾਜ ਖੁਦ ਸਾਰਾ ਸਮਾਂ ਮਹਾਂਦੀਪਾਂ ਵਿਚ ਡਿਕਟੇਟਰੀ ਅਤੇ ਨਸਲ-ਵਾਦੀ ਹਕੂਮਤਾਂ ਦੀ ਹਮਾਇਤ ਕਰਦੇ ਰਹਿੰਦੇ ਹਨ।

ਇਕ ਹੋਰ ਪੱਖ, ਜਿਹੜਾ ਬੁਰ-ਜੂਆ ਜਮਹੂਰੀਅਤ ਦੇ ਅਸਲ ਸਾਰ ਅਤੇ ਤੱਤ ਨੂੰ ਪਰਗਟਾਉਂਦਾ ਹੈ, ਇਹ ਹੈ ਕਿ ਆਧੁਨਿਕ ਪੂੰਜੀਵਾਦੀ ਸਮਾਜ ਵਿਚ ਇਹ ਖੁਲੇ ਤੌਰ ਉੱਤੇ ਪਲੂਟੋਕਰੇਸੀ ਵਜੋਂ ਕੰਮ ਕਰ ਰਹੀ, ਭਾਵ (ਥੈਲੀ-ਸ਼ਾਹਾਂ ਦੀ ਸੱਤਾ ਵਜੋਂ ਕੰਮ ਕਰ ਰਹੀ) ਹੈ। ਵਰਤਮਾਨ ਅਮਰੀਕੀ ਕਾਂਗਰਸ ਦੀ ਸਮਾਜਕ ਬਣਤਰ ਇਹਦੀ ਇਕ ਸਪਸ਼ਟ ਉਦਾਹਰਨ ਵਿਚ ਕਾਂਗਰਸ ਦੇ ਮੈਂਬਰਾਂ ਵਿਚ 140 ਬੈਂਕਰ ਅਤੇ ਸਨਅਤਕਾਰ ਹਨ ਅਤੇ ਕਾਮਾ ਇਕ ਵੀ ਨਹੀਂ ਹੈ। ਬੁਰਜੂਆ ਜਮਹੂਰੀਅਤ ਦੀਆਂ ਸੀਮਾਵਾਂ ਨੂੰ ਮਹਿਸੂਸ ਕਰਦਿਆਂ ਕੁਝ ਕਮਿਊਨਿਸਟ-ਵਿਰੋਧੀ ਵਿਚਾਰਕ ਕਥਿਤ ਤੌਰ ਉਤੇ ਆਧੁਨਿਕ ਬੁਰਜੂਆ ਜਮਹੂਰੀਅਤ ਦੀ ਥਾਂ ਲੈਣ ਦੇ ਸਮਰਥ ਟੈਕਨੋਕਰੇਸੀ ਅਤੇ ਮੈਰਿਟੋਕਰੇਸੀ ਦੇ ਨਮੂਨੇ ਤਿਆਰ ਕਰਦੇ ਹਨ। ਪਰ ਟੈਕਨੋਕਰੇਸੀ (ਪ੍ਰਬੰਧਕੀ ਮਾਹਿਰਾਂ ਦੀ ਸੱਤਾ) ਵੀ ਅਤੇ ਮੈਰਿਟੋਕਰੇਸੀ ਬੁਧੀਮਾਨਾਂ ਦੇ ਸਿਖਰੀ ਦਲ ਦੀ ਸੱਤਾ) ਵੀ ਸਰਕਾਰ ਵਿਚ ਅਸਲਵਿਚ ਸ਼ਾਮਲ ਵਿਅਕਤੀਆਂ ਦੀ ਗਿਣਤੀ ਨੂੰ ਲੋਕਾਂ ਦੀ ਤੁਛ-ਘੱਟ ਗਿਣਤੀ ਤਕ ਸੀਮਿਤ ਕਰ ਦਿੰਦੀਆਂ ਹਨ।

ਸਮਾਜਵਾਦੀ ਜਮਹੂਰੀਅਤ ਬੁਰ-ਜੂਆ ਜਮਹੂਰੀਅਤ ਤੋਂ ਉੱਕਾ ਹੀ ਉਲਟ ਹੈ। ਆਪਣੇ ਸਾਰ, ਆਪਣੇ ਜਮਾਤੀਲੱਛਣ ਦੇ ਪਖੋਂ ਵੀ ਅਤੇ ਆਪਣੇ ਮਿਸ਼ਨ ਦੇ ਪਖੋਂ ਵੀ ਅਦੁਤੀ ਹੋਣ ਕਰਕੇ ਸਮਾਜਵਾਦੀ ਜਮਹੂਰੀਅਤ ਵੈਰਭਾਵੀ ਵਿਰੋਧਤਾਈਆਂ ਤੋਂ ਮੁਕਤ ਸਮਾਜ ਦੀ ਸੰਪਤੀ ਦੇ ਸਮਾਜਕ ਰੂਪਾਂ ਉਤੇ ਉਸਰੇ ਹੋਏ ਸਮਾਜ ਦੀ ਜਮ-ਹੂਰੀਅਤ ਜਨਤਕ ਜੀਵਨ ਦੇ ਅਜਿਹੇ ਢੰਗ ਪੇਸ਼ ਕਰਦੀ ਹੈ ਜਿਹਨਾਂ ਵਿਚ ਲੋਕਾਂ ਦੀ ਹਕੂਮਤ ਸਾਕਾਰ ਕੀਤੀ ਜਾ ਸਕਦੀ ਹੈ, ਜੋ ਪੂੰਜੀਵਾਦੀ ਸਮਾਜ ਵਿਚ ਲੋਕਾਂ ਦੀ ਪਹੁੰਚ ਵਿਚ ਨਹੀਂ ਹੁੰਦੇ। ਇਹ ਸਭ ਤੋਂ ਵੱਧ ਮੂਲ ਗੱਲ ਨੂੰ ਯਕੀਨੀ ਬਣਾਉਂਦੀ ਹੈ: ਰਚਣਈ ਸਮਾਜਕ ਘਾਲਣਾ ਵਿਚ ਆਮ ਲੋਕਾਂ, ਮਜ਼ਦੂਰ ਜਮਾਤ ਜਿਹਨਾਂ ਦੀ ਮੁਖੀ ਹੋਵੇ, ਦੀ ਨਿਰਣਈ ਭੂਮਿਕਾ ਅਤੇ ਕੌਮੀ ਪ੍ਰਬੰਧ ਵਿਚ ਤੇ ਫੈਸਲੇ ਲਏ ਜਾਣ ਵਿਚ ਕਿਰਤੀ ਲੋਕਾਂ ਦੀ ਪੂਰਨ ਭਿਆਲੀ। ਇਹੀ ਕਹਿਣਾ ਕਾਫ਼ੀ ਹੈ ਕਿ ਸੋਵੀਅਤ ਯੂਨੀਅਨ ਦੀ ਸੁਪਰੀਮ ਸੋਵੀਅਤ ਦੇ 1,500 ਡਿਪਟੀਆਂ ਵਿਚੋਂ 766 ਡਿਪਟੀ ਫੈਕਟਰੀਆਂ ਦੇ ਮਜ਼ਦੂਰ ਅਤੇ ਸਾਂਝੇਫਾਰਮਾਂ ਦੇ ਕਿਸਾਨ ਹਨ।

ਸਮਾਜਵਾਦੀ ਜਮਹੂਰੀਅਤ ਸਮੁੱਚੇ ਲੋਕਾਂ ਲਈ ਜਮਹੂਰੀਅਤ ਹੋਣ ਕਰਕੇ, ਇਕਸਾਰਤਾ ਨਾਲ ਮਨੁੱਖਵਾਦੀ ਹੈ। ਇਹ ਲੋਕਾਂ ਦੇ ਹਿਤਾਂ ਨੂੰ ਵਿਸ਼ਵਾਸਜੋਗ ਵਸੀਲਾ ਬਣਨ ਲਈ ਉਲੀਕੀ ਗਈ ਹੈ। ਇਹ ਇਕ ਨਵੀਂ ਕਿਸਮ ਦੇ ਸਮਾਜ ਦੀ ਉਸਾਰੀ ਕਰਨ, ਮਨੁੱਖੀ ਸ਼ਖਸੀਅਤ ਦੇ ਵਿਕਾਸ ਨੂੰ ਅਗੇ ਵਧਾਉਣ ਅਤੇ ਸਮਾਜਕ ਉੱਨਤੀ ਦੇ ਮੁੱਖ ਕਰਤੇ ਵਜੋਂ ਆਮ ਲੋਕਾਂ ਦੀ ਭੂਮਿਕਾ ਵਿਚ ਹੋਰ ਵਾਧਾ ਕਰਨ ਦੇ ਇਕ ਕਾਰਗਰ ਸਾਧਨ ਵਜੋਂ ਸਫਲਤਾ ਨਾਲ ਕੰਮ ਕਰਦੀ ਹੈ।

(ਬਾਕੀ ਸਫਾ ੧੩)

ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ

ROYAL

ਰੌਇਲ ਫਰਨੀਚਰ ਲਿਮ:

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.

Ph. 874-9525

• ਲਿਵਿੰਗ ਰੂਮ • ਡਾਇਨਿੰਗ ਰੂਮ
• ਬੈਡ ਰੂਮ ਅਤੇ

ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

FURNITURE



PAUL TOOR

# ਸਰ੍ਹੀ ਮਿਉਂਸਪਲ ਚੋਣਾਂ ਉਪਰ ਝਾਤ

ਸੁਖੀ ਅਮਰਜੀਤ

21 ਨਵੰਬਰ ਦੀਆਂ ਮਿਉਂਸਪਲ ਚੋਣਾਂ ਲੰਘ ਗਈਆਂ ਹਨ। ਇਸ ਵਿਚ ਕਈ ਟਾਊਨਾਂ ਵਿਚ ਤਬਦੀਲੀਆਂ ਆਈਆਂ ਹਨ। N.D.P. ਨੇ ਇਨ੍ਹਾਂ ਚੋਣਾਂ ਵਿਚ ਇਕ ਪਾਰਟੀ ਵਜੋਂ ਹਿੱਸਾ ਲਿਆ। ਜੋ ਕਿ ਇਸ ਆਧਾਰ ਉਪਰ ਸੀ ਕਿ ਮਿਉਂਸਪਲ ਰਾਜਨੀਤੀ, ਸੂਬੇ ਦੀ ਰਾਜਨੀਤੀ ਲਈ ਆਧਾਰ ਬਣਦੀ ਹੈ। ਪ੍ਰੰਤੂ ਇਸ ਗੱਲ ਨੂੰ ਧਿਆਨ ਵਿਚ ਰੱਖੇ ਬਗੈਰ ਕਿ ਕਿਸੇ ਹੋਰ ਥਾਂ ਉਪਰ ਕੁਝ ਅਗੇਵਧੂ ਲੋਕਾਂ ਦੇ ਗਰੁਪ ਹਨ, ਜਿਨ੍ਹਾਂ ਦੀ ਐਨ ਡੀ ਪੀ ਨੂੰ ਹਮਾਇਤ ਹਮੇਸ਼ਾ ਮਿਲਦੀ ਹੈ, ਨਾਲ ਵੀ ਵਿਚਾਰ ਕਰ ਲੈਣੀ ਚਾਹੀਦੀ ਸੀ।

ਸਰ੍ਹੀ, ਵੈਨਕੂਵਰ ਤੋਂ ਮਗਰੋਂ ਦੂਜਾ ਟਾਊਨ ਹੈ, ਜਿਥੇ ਅਗੇ ਵਧੂ ਲੋਕਾਂ ਦਾ ਆਸਾਰ ਹੈ, ਭਾਵੇਂ ਕਿ ਉਹ ਆਸਾਰ ਕਿੰਨਾ ਵੀ ਛੋਟਾ ਹੈ ਪਰ ਹੈ ਪ੍ਰਭਾਵਸ਼ਾਲੀ। ਅਜਿਹੇ ਪ੍ਰਭਾਵ ਨੂੰ ਧਿਆਨ ਵਿਚ ਨਾ ਲਿਆਉਣਾ, ਖਾਸ ਕਰਕੇ ਚੋਣਾਂ ਦੇ ਸਮੇਂ ਲਾਜ਼ਮੀ ਤੌਰ ਤੇ ਘਾਟੇ ਬੰਦੀ ਗਲਤੀ ਹੁੰਦੀ ਹੈ। ਦੂਸਰੇ ਸਰ੍ਹੀ ਵੈਨਕੂਵਰ ਦੇ ਵਾਂਗ ਹੀ ਭਾਰਤੀ ਮੂਲ ਦੇ ਲੋਕਾਂ ਦਾ ਚੰਗਾ ਖਾਸਾ ਗੜ੍ਹ ਵੀ ਹੈ।

ਸਰ੍ਹੀ ਮਿਉਂਸਪਲ ਚੋਣਾਂ ਵਿਚ ਚਾਰ ਵੱਖੋ ਵੱਖ ਸਲੇਟਾਂ ਨੇ ਚੋਣਾਂ ਵਿਚ ਭਾਗ ਲਿਆ ਇਨ੍ਹਾਂ ਵਿਚੋਂ ਤਿੰਨ ਸਲੇਟਾਂ ਦੇ ਆਪਣੇ ਮੇਅਰ ਦੇ ਉਮੀਦਵਾਰ ਵੀ ਸੀ। ਮਿ: ਪਾਲ ਈਸਟਨ ਅਤੇ ਮਿਸਜ਼ ਬੋਨੀ ਸ਼ਰੇਂਕ ਦੀ ਸਲੇਟਾਂ ਮੁੱਖ ਕਰਕੇ ਸੋਕਰਡ ਪਾਰਟੀ ਦੇ ਭਾਰੂ ਪ੍ਰਭਾਵ ਵਾਲੀਆਂ ਸਨ, ਭਾਵੇਂ ਕਿ ਇਨ੍ਹਾਂ ਵਿਚ ਲਿਬਰਲ ਅਤੇ ਐਨ ਡੀ ਪੀ ਨਾਲ ਸੰਬੰਧਿਤ ਲੋਕ ਵੀ ਸਨ। ਪਾਲ ਈਸਟਨ ਦੇ ਸਲੇਟ ਨੂੰ ਸੋਕਰਡ ਪਾਰਟੀ ਦੀ ਮਨਿਸਟਰ ਰੀਟਾ ਜਾਹਨਸਨ ਦੀ ਹਿਮਾਇਤ ਦੇ ਨਾਲ ਨਾਲ, ਸਾਬਕਾ ਲਿਬਰਲ ਮੇਅਰ ਡੋਨ ਰੋਸ ਦੀ ਹਿਮਾਇਤ ਵੀ ਸੀ। ਬੋਨੀ ਸ਼ਰੇਂਕ ਖੁਦ ਤਕੜੀ ਸੋਕਰਡ ਮੈਂਬਰ ਹੈ। ਐਨ ਡੀ ਪੀ ਦੀ ਸਲੇਟ ਜਿਸ ਨਾਲ ਮਿ: ਬਾਬ ਬੋਸ ਮੇਅਰ ਦਾ ਉਮੀਦਵਾਰ ਸੀ, ਸਾਰੀ ਦੀ ਸਾਰੀ ਹੀ ਐਨ ਡੀ ਪੀ ਦੇ ਮੈਂਬਰਾਂ ਦੀ ਸਲੇਟ ਸੀ। ਚੌਥੀ ਸਲੇਟ ਸਰ੍ਹੀ ਕੁਲੀਸ਼ਨ ਆਫ਼ ਪ੍ਰੋਗ੍ਰੈਸਿਵ ਇਲੈਕਟਰਜ਼ (ਕੋਪ) ਦੀ ਸਲੇਟ ਸੀ। ਇਨ੍ਹਾਂ ਆਪਣਾਂ ਮੇਅਰ ਦਾ ਕੋਈ ਉਮੀਦਵਾਰ ਖੜਾ ਨਹੀਂ ਕੀਤਾ ਸੀ, ਇਹ ਬਾਬ ਬੋਸ ਦੀ ਮੇਅਰ ਲਈ ਹਿਮਾਇਤ ਕਰਦੇ ਸਨ।

ਚੋਣਾਂ ਤੋਂ ਪਿਛੋਂ ਨਤੀਜਾ ਇਹ ਨਿਕਲਿਆ ਕਿ ਸੋਕਰਡਾਂ ਦੀ ਆਪਸੀ ਵੰਡ ਦੇ ਸਿਟੇ ਵਜੋਂ ਉਹ ਮੇਅਰ ਦੀ ਚੋਣ ਹਾਰ ਗਏ ਅਤੇ ਐਨ ਡੀ ਪੀ ਮੇਅਰ ਦੀ ਸੀਟ ਜਿੱਤ ਗਈ। ਪਰ ਇਕ ਸਾਲ ਦੇ ਉਮੀਦਵਾਰ ਮਿਸਟਰ ਰੋਗੀ ਰਾਬਸਨ ਵੀ ਜਿੱਤ ਗਿਆ। ਜਦੋਂ ਕਿ ਚਰਨਪਾਲ ਗਿੱਲ ਇਕ ਹਜ਼ਾਰ ਦੇ ਕਰੀਬ ਫਰਕ ਨਾਲ ਅਤੇ ਜੁੜੀ ਗਿਣਤੀ ਦੀਆਂ ਵੋਟਾਂ ਦੇ ਫਰਕ ਨਾਲ ਹਾਰ ਗਈ।

ਇਸ ਤਰ੍ਹਾਂ ਨਵੀਂ ਕੌਂਸਲ ਵਿਚ ਮੇਅਰ ਬਾਬ ਬੋਸ ਲਈ ਕੰਮ ਕਰਨਾ ਸੌਖਾ ਨਹੀਂ ਹੋਵੇਗਾ। ਕਿਉਂਕਿ ਉਸ ਨਾਲ ਬਹੁ ਸੰਮਤੀ ਨਹੀਂ ਹੈ। ਅਜਿਹੀ ਸਥਿਤੀ ਦੇ ਪੈਦਾ ਹੋਣ ਦਾ ਕਾਰਨ ਐਨ ਡੀ ਪੀ ਦੀ ਇਹ ਕਟੜ ਪਹੁੰਚ ਸੀ ਕਿ ਕਿਸੇ ਨਾਲ ਗੱਠਜੋੜ ਨਹੀਂ ਕਰਨਾ। ਪਰ ਅਜਿਹਾ ਫੈਸਲਾ ਲੈਂਦਿਆਂ ਇਹ ਨਾ ਦੇਖਣਾ ਕਿ ਇਸ ਏਰੀਏ ਵਿਚ ਇਕ ਹੋਰ ਵੀ ਅਜਿਹੀ ਸੰਗਠਤ ਤਾਕਤ ਹੈ ਜੋ ਜਿੱਤ ਹਾਰ ਉਪਰ ਪ੍ਰਭਾਵ ਪਾ ਸਕਦੀ ਹੈ। ਇਹ ਸੱਤਰਵਿਆਂ ਦੇ ਵੈਨਕੂਵਰ ਦੇ ਤਜਰਬੇ ਨੂੰ ਇਕ ਤਰ੍ਹਾਂ ਦੁਹਰਾਉਣਾ ਹੀ ਸੀ।

ਸਰ੍ਹੀ ਦੀ ਇਸ ਐਨ ਡੀ ਪੀ ਦੀ ਸਲੇਟ ਨੂੰ ਸਰੀ ਕੋਪ ਦੇ ਪਹੁੰਚ ਕਰਨ ਉਪਰ ਵੀ ਲੀਡਰਸ਼ਿਪ ਵਲੋਂ ਨਾ ਸੋਚਣਾ ਅੱਜ ਦੇ ਨਤੀਜਿਆਂ ਦੇ ਸਾਹਮਣੇ ਆਉਣ ਦਾ ਕਾਰਨ ਬਣਿਆ। ਇਨ੍ਹਾਂ ਵਲੋਂ ਕਿਹਾ ਗਿਆ ਕਿ ਅਸੀਂ ਇਸ ਵਿਚ ਕੁਝ ਨਹੀਂ ਕਰ ਸਕਦੇ ਇਹ ਤਾਂ ਪ੍ਰੋਵੈਂਸ਼ਲ ਲੀਡਰਸ਼ਿਪ ਦਾ ਫੈਸਲਾ ਹੈ। ਪਰ ਜਾਪਦਾ ਇੰਜ ਹੈ ਕਿ ਸਰ੍ਹੀ ਦੀ ਐਨ ਡੀ ਪੀ ਦੀ ਸਲੇਟ ਨੇ ਇਸ ਗੱਲ ਦੀ ਬਹੁਤ ਚਿੰਤਾ ਨਹੀਂ ਕੀਤੀ ਅਤੇ ਨਾ ਹੀ ਪ੍ਰੋਵੈਂਸ਼ਲ ਲੀਡਰਸ਼ਿਪ ਉਪਰ ਇਸ ਤੱਥ ਬਾਰੇ ਕੋਈ ਜ਼ੋਰ ਹੀ ਪਾਇਆ ਕਿ ਇਥੇ ਇਕ ਜਥੇਬੰਦ ਤਾਕਤ ਹੈ, ਜਿਸ ਨੂੰ ਅਖੋਂ ਉਹਲੇ ਨਹੀਂ ਕਰਨਾ ਚਾਹੀਦਾ। ਇਹ ਜਾਪਦਾ ਇਹ ਹੈ ਕਿ ਸਰੀ ਦੀ ਐਨ ਡੀ ਪੀ ਨੂੰ ਇਹ ਭੁਲੇਖਾ ਸੀ ਕਿ ਉਹ ਇਕੱਲਿਆਂ ਹੀ ਜਿੱਤ ਜਾਣਗੇ।

ਅਗਲੀਆਂ ਆਉਣ ਵਾਲੀਆਂ ਮਿਉਂਸਪਲ ਚੋਣਾਂ ਵਿਚ ਜੇਕਰ ਇਹੋ ਐਨ ਡੀ ਪੀ ਨੇ ਇਹੋ ਨੀਤੀ ਧਾਰਨ ਕੀਤੀ ਰਖੀ ਤਾਂ ਨਿਸਚੇ ਹੀ ਸਿਟੇ ਹੋਰ ਤਰ੍ਹਾਂ ਨਿਕਲਣਗੇ। ਇਸ ਗੱਲ ਦੀ ਹਰ ਸੰਭਾਵਨਾ ਹੈ ਕਿ ਅਗੋਂ ਤੋਂ ਸੋਕਰਡ ਪਾਰਟੀ ਏਕਤਾ ਕਰਨ ਦਾ ਯਤਨ ਕਰੇਗੀ। ਫਿਰ ਐਨ ਡੀ ਪੀ ਲਈ ਮੁਕਾਬਲਾ ਕਰਨਾ ਸੌਖਾ ਨਹੀਂ ਹੋਵੇਗਾ। ਇਹ ਵੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ ਕਿ ਸਰ੍ਹੀ ਕੋਪ ਆਪਣੀ ਪੂਰੀ ਸਲੇਟ, ਸਮੇਤ ਮੇਅਰ ਦੇ ਹੀ ਖੜ੍ਹੀ ਕਰ ਦੇਵੇ। ਇਸ ਵਾਰ ਸਰੀ ਕੋਪ ਨੇ ਮੇਅਰ ਲਈ, ਇਕ ਸਾਲ ਦੇ ਉਮੀਦਵਾਰ ਲਈ ਅਤੇ ਇਕ ਸਕੂਲ ਬੋਰਡ ਅਤੇ ਐਲਡਰਮੈਨ ਦੀ ਪੂਰੀ ਤਿੰਨ ਸਾਲ ਦੇ ਉਮੀਦਵਾਰਾਂ ਨੂੰ ਵੀ ਵੋਟਾਂ ਪਾਈਆਂ।

ਈਸਟ ਇੰਡੀਅਨ ਵਰਕਰਜ਼ ਐਸੋ: ਆਫ਼ ਕੈਨੇਡਾ ਸਰ੍ਹੀ ਕੋਪ ਦਾ ਇਕ ਅੰਗ ਹੈ, ਉਸ ਨੇ ਐਲਡਰ ਮੈਨ ਲਈ ਮਿ. ਚਰਨਪਾਲ ਗਿੱਲ ਨੂੰ ਵੋਟਾਂ ਪਾਈਆਂ, ਜਦੋਂ ਕਿ ਬਾਕੀ ਸਰੀ ਕੋਪ ਦੇ ਫੈਸਲੇ ਅਨੁਸਾਰ ਵੋਟਾਂ ਪਾਈਆਂ।

ਬਾਕੀ ਸਫ਼ਾ ॥ ਉੱਤੇ

**TRU FOODS DISTRIBUTORS LTD.**
**Specializing in Health Foods**
■ Vitamins ■ Herbs and all East Indian Foods

PROPRITER **Mander Brothers**
Tele.(604) **584-7011**

10705 — King George Hwy Surrey, B.C. V3T 2X6 ● 10053 — 136 A St. Surrey, B.C. V3T 4G1

# GOYAL THE VIDEO KING

## PANASONIC'S BEST SELLING GENIUS MODEL


Rajinder Goyal

*Released or Releasing:*
**Rajhath** [*old*]
**Suhag Raat** [*old*]
**Baharo Phool Barsao** [*Pakistan*]
**Tum Nahin Aur Sahi** [*New*]
**Mera Saya**
**Shakst-e-Aarzo** [*Pak drama*]
**Khalij** [*Pak drama*]
**Bhanwar** [*Pak drama*]
**Hamsaya** [*color*]
**Duniya Rang Layegi**
**Paisa Ya Pyar**
**And Om Puri's New Hit.**



**NN-7706C** *the Genius*
**Full Size Microwave Oven with Auto Sensor Control**
only **$499.95**

*BEST SELLING VIDEO MACHINES*



PV-2700-K
Omnivision VHS
**Fashion Series of Home Video Cassette Recorders with 98-Channel Digital Quartz Tuning**



only **$449.95**

**Going to India/Pakistan?**
**Buy durable Samsonite**
**Luggage at very low price**

**PANASONIC & TOSHIBA MICROWAVE OVENS ARE ON VERY SPECIAL**

**SPECIAL SALE ON DIGITAL TRANSFER**
*We do professional digital transfer of Video Cassettes from India, London, Pakistan, Fiji & local Canadian system & vice versa at very reasonable price*
SAME DAY SERVICE    Guaranteed Print

**We Release New & Old Hindi/Punjabi/Gujarati Video Films From India & Pakistan Every Week.**

MAIL ORDERS ACCEPTED

PHONE [604]877-7778
**4156 FRASER ST., VANCOUVER, B.C.**
**V5V 4E8**

ਸੇਲ!

# Ambika Foods

SALE!

5125 Victoria Drive, Vancouver, B.C.

Ph. 327-0295

## Christmas Sale

MERRY CHRISTMAS & HAPPY NEW YEAR
TO
ALL OUR CUSTOMERS

FROM AMBIKA'S STAFF

Almonds ਬਦਾਮ 1.89 lb.

Milk ਦੁੱਧ 2.99 4 lit.

Tea (Governer's Choice) ਚਾਹ ਪੱਤੀ 1.89 120 pkt. box

Atta Frine ਆਟਾ ਫਰੀਨ 10.99 2x10 kg.

Chicken legs ਮੁਰਗੇ ਦੀਆਂ ਲੱਤਾਂ 99¢ lb.

Basmati Rice ਬਾਸਮਤੀ ਚਾਵਲ 79¢ lb.

Pachranga Achar ਪਚਰੰਗਾ ਆਚਾਰ 99¢ 800 gm Tin.

Dalan ਦਾਲਾਂ

Moong, Manh, Masar, Black Channa, Chick Peas, Chana Dal 39¢ lb.

ਮੂੰਗੀ, ਮਾਂਹ, ਮਸਰ, ਕਾਲੇ ਛੋਲੇ, ਕਾਬਲੀ ਛੋਲੇ, ਛੋਲਿਆਂ ਦੀ ਦਾਲ

Grind Your Own Masala

Haldi, Mirch, Methe, Dhania, Sonph

ਹਲਦੀ, ਮਿਰਚ, ਮੇਥੇ, ਧਨੀਆਂ, ਸੌਂਫ 99¢ lb.

# ਦੱਖਣੀ ਅਫਰੀਕਾ ਦੀ ਨਸਲਵਾਦੀ ਹਕੂਮਤ

ਗੁਰਨਾਮ ਸਿੰਘ ਸੰਘੇੜਾ

ਵੈਨਕੂਵਰ (ਕਨੇਡਾ) ਵਿਖੇ 49 ਕੌਮਨਵੈਲਥ ਦੇਸ਼ਾਂ ਦੀ ਅਕਤੂਬਰ 1987 ਵਿਚ ਕਾਨਫਰੰਸ ਸਮੇਂ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਦੇ ਬਾਈਕਾਟ, ਇਸ ਵਿਰੁਧ ਵਪਾਰਕ, ਪੈਸਾ ਲਾਉਣ, ਚੀਜ਼ਾਂ ਮੰਗਵਾਉਣ ਜਾਂ ਉਸ ਨੂੰ ਵੇਚਣ ਸੰਬੰਧੀ ਬੰਦਸ਼ਾਂ ਨੂੰ ਹੋਰ ਕਰੜਾ ਕਰਨ ਅਤੇ ਨਾਲ ਲਗਦੇ ਦੇਸ਼ਾਂ ਨੂੰ ਹੋਰ ਮੱਦਦ ਦੇਣ ਦਾ ਅਜੰਡਾ ਭਰਵੇਂ ਰੂਪ ਵਿਚ ਮੁਖੀ ਸੀ। ਮੀਡੀਏ ਨੇ ਭੀ ਇਸ ਵੱਲ ਧਿਆਨ ਦਿਤਾ। ਪਰ ਬਰਤਾਨੀਆਂ ਦੀ ਅਤਿ ਪਿਛਾਖੜ ਦੀ ਨੁਮਾਇੰਦਾ ਤੇ ਮਜ਼ਦੂਰ ਲਹਿਰ ਦੀ ਦੁਸ਼ਮਣ ਮਾਰਗਰੇਟ ਥੈਚਰ (ਜੋ ਪ੍ਰਧਾਨ ਮੰਤਰੀ ਹੈ) ਨੇ ਕਾਮਨਵੈਲਥ ਦੀ ਉਪਰ ਦੱਸੀ ਰਾਏ ਦੇ ਵਿਰੁਧ ਸਟੈਂਡ ਰੱਖਿਆ। ਅਤੇ ਬਹਾਨਾ ਸੀ ਕਿ ਹੋਰ ਸਖਤ ਬੰਦਸ਼ਾਂ ਨਾਲ ਦੱਖਣੀ ਅਫਰੀਕਾ ਦੇ ਕਾਲੇ ਵਾਸੀਆਂ ਨੂੰ ਜ਼ਿਆਦਾ ਤਕਲੀਫ ਹੋਵੇ ਜਿਵੇਂ ਕਿ ਉਹ ਬਰਤਾਨੀਆਂ ਦੇ ਚਿੱਟੇ ਮਜ਼ਦੂਰਾਂ ਦੀ ਬਹੁਤ ਹਮਦਰਦ ਹੋਵੇ! ਬਰਤਾਨੀਆਂ ਅਤੇ ਅਮਰੀਕਾ ਦੋਨੋਂ ਹੀ ਦੱਖਣੀ ਅਫਰੀਕਨ ਸਰਕਾਰ ਦੇ ਹਮਾਇਤੀ ਹਨ ਕਿਉਂਕਿ ਦੋਹਾਂ ਦੇਸ਼ਾਂ ਦੀਆਂ ਅਜ਼ਾਰੇਦਾਰ ਬਹੁ-ਕੌਮੀ ਕਾਪੋਰੇਸ਼ਨਾਂ ਦਾ ਦੱਖਣੀ ਅਫਰੀਕਾ ਵਿਚ ਸਰਮਾਇਆ ਲੱਗਾ ਹੋਇਆ ਹੈ ਅਤੇ ਅਤਿ ਦੀ ਸਸਤੀ ਮਜ਼ਦੂਰੀ (ਕਾਲੇ ਲੋਕਾਂ ਦੀ) ਮਿਲਦੀ ਹੈ। ਬਰਤਾਨੀਆਂ ਦਾ ਦੋ ਹਜ਼ਾਰ ਅਰਬ ਡਾਲਰ ਦੱਖਣੀ ਅਫਰੀਕਾ ਵਿਚ ਲੱਗਾ ਹੋਇਆ ਹੈ। ਨਾਲ ਹੀ ਲੋਕ ਦੁਸ਼ਮਣ ਥੈਚਰ ਅਤੇ ਰੇਗਨ ਆਦਿ ਦੱਖਣੀ ਅਫਰੀਕਾ ਦੀ ਸਰਕਾਰ ਨੂੰ ਅਫਰੀਕਾ ਮਹਾਂਦੀਪ ਵਿਚ ਸਮਾਜਵਾਦ ਅਤੇ ਸਮਾਜਵਾਦੀ ਸੋਵੀਅਤ ਯੂਨੀਅਨ ਦੇ ਵਿਰੁਧ ਆਪਣਾ ਮੋਹਰਾ ਅਤੇ ਝੰਡਾ ਬਰਦਾਰ ਸਮਝਦੇ ਹਨ। ਸੋ ਆਪਣੀ ਸੌੜੀ ਸਿਆਸਤ ਲਈ ਮੁੱਠੀ ਭਰ ਚਿੱਟਿਆਂ ਨੂੰ ਭਾਰੀ ਅਫਰੀਕਨ ਵਸੋਂ ਦੇ ਵਿਰੁਧ ਖੁੱਲੀ ਮੱਦਦ ਦਿੰਦੇ ਹਨ। ਆਉ ਪਹਿਲਾਂ ਦੱਖਣੀ ਅਫਰੀਕਾ ਦੀ ਸਰਕਾਰ ਦੀਆਂ ਨਸਲਵਾਦੀ ਨੀਤੀਆਂ ਅਤੇ ਹਾਲਾਤ ਤੇ ਅਤੀ ਸੰਖੇਪ ਝਾਤ ਮਾਰੀਏ।

ਸ਼ਬਦ ਅਪਾਰਟਹਾਈਡ ਜਿਸ ਨੂੰ ਨਸਲਵਾਦ ਦੇ ਨਾਲ ਜੋੜ ਕੇ ਦੱਸਿਆ ਜਾਂਦਾ ਹੈ, ਇਹ ਮੁਖ ਤੌਰ ਤੇ 1948 ਤੋਂ ਪਿਛੋਂ ਵਰਤਿਆ ਜਾਣ ਲੱਗਾ। ਇਹ ਅਫਰੀਕਨ (ਚਿੱਟੀ ਵਸੋਂ ਦੀ) ਬੋਲੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ "ਜੁਦੇ" "ਵਖਰੇਵਾ" ਭਾਵ ਭਾਰਤੀ ਛੂਤ ਛਾਤ ਵਾਲੇ ਪੁਰਾਣੇ ਸਮਿਆਂ ਵਾਂਗ ਜਾਂ ਆਖੋ ਬਦਤਰ। ਹਕੂਮਤੀ ਢੰਗ-ਫਾਸ਼ੀਵਾਦ ਵਰਗਾ। ਅਸਲ ਵਿਚ ਤਾਂ ਇਹ ਨਸਲਵਾਦੀ ਪਾੜਾ ਅੰਗਰੇਜ਼ਾਂ ਨੇ ਆਪ ਆਰੰਭਿਆ ਤੇ ਪੱਕਾ ਕੀਤਾ। 1910 ਵਿਚ ਲੰਡਨ ਦੀ ਪਾਰਲੀਮੈਂਟ ਨੇ ਯੂਨੀਅਨ ਔਫ ਸਾਊਥ ਅਫਰੀਕਾ ਪਾਸ ਕਰਕੇ ਇਹ ਦੇਸ਼ ਚਿੱਟਿਆਂ ਨੂੰ ਦੇ ਦਿੱਤਾ। ਪੁਰਾਣੀ ਨਸਲਵਾਦੀ ਚਿੱਟੀ ਪਾਰਲੀਮੈਂਟ ਬਹਾਲ ਕਰ ਦਿੱਤੀ। 1913 ਵਿਚ ਦੱਖਣੀ ਅਫਰੀਕਾ ਦੀ 87.3 (ਕੋਈ ਸਵਾ ਸਤਾਸੀ) ਫੀ ਸਦੀ ਜ਼ਮੀਨ ਰਾਖਵੀਂ ਰੱਖ ਲਈ ਅਤੇ ਦੇਸ਼ ਦੇ ਅਸਲੀ ਵਸਨੀਕਾਂ ਤੇ ਵਾਰਸਾਂ (ਬਹੁ-ਗਿਣਤੀ) ਨੂੰ 12.7 (ਕੋਈ ਪੌਣੇ ਬਾਰਾਂ) ਫੀ ਸਦੀ ਬੰਜਰ ਧਰਤੀ ਦੇ ਦਿੱਤੀ। ਜਿਥੇ ਉਹ ਰਹਿਣ ਤੇ ਕੰਮ ਕਰਨ। ਜਦੋਂ ਚਿੱਟੇ ਇਲਾਕਿਆਂ ਵਿਚ ਕੰਮ ਕਰਨ ਆਉਣਾ ਹੈ ਜਾਂ ਫਿਰਨਾ ਹੈ ਤਾਂ ਬਾਕਾਇਦਾ ਸਰਕਾਰ ਇਜਾਜ਼ਤ ਨਾਲ ਅਤੇ ਆਰਜ਼ੀ ਤੌਰ ਤੇ ਚਿੱਟਿਆਂ ਲਈ ਕੰਮ ਕਰਨ ਆ ਸਕਦੇ ਹਨ ਪਰ ਔਰਤਾਂ ਨਾਲ ਨਹੀਂ ਰਹਿ ਸਕਦੀਆਂ। ਹਰ ਇਕ ਨੂੰ ਸ਼ਨਾਖਤੀ ਕਾਰਡ ਰਖਣਾ ਜ਼ਰੂਰੀ ਹੈ ਜਿਸ ਨੂੰ "ਪਾਸ" ਆਖਦੇ ਹਨ ਅਤੇ ਇਸ ਵਿਰੁਧ ਜ਼ਬਰ ਦਸਤ ਮੁਹਿਮ ਚੱਲੀ।

ਨਸਲਵਾਦੀ ਸਰਕਾਰ ਨੇ ਇਹ ਭੀ ਢੌਂਗ ਰਚਾਇਆ ਕਿ ਕਾਲੇ ਅਸਲੀ ਵਾਸੀਆਂ ਨੂੰ ਆਜ਼ਾਦ ਕੀਤਾ ਜਾ ਰਿਹਾ ਹੈ ਅਤੇ ਉਹਨਾਂ ਦੇ ਜੁਦੇ ਦੇਸ਼ ਬਣਾਏ ਜਾ ਰਹੇ ਹਨ ਜਿਹਨਾਂ ਨੂੰ "ਬੰਤੂਸਤਾਨ" ਆਖਦੇ ਹਨ। ਇਹ "ਬੰਤੂਸਤਾਨ" ਦੱਖਣੀ ਅਫਰੀਕਾ ਦੇ ਵਿਚ ਅਤੇ ਉਸ ਦੇ ਅਧੀਨ ਹਨ। ਉਹਨਾਂ ਪਾਸ ਕੋਈ ਸਾਧਨ ਨਹੀਂ ਅਤੇ ਉਹਨਾਂ ਦੀ ਪਾਰਲੀਮੈਂਟ ਵਿਚ ਭੀ 40 ਫੀ ਸਦੀ ਕਾਲੇ ਅਤੇ 60 ਫੀ ਸਦੀ ਚਿੱਟੇ ਹਨ। ਜਿਹਨਾਂ ਨੂੰ ਦੱਖਣੀ


MODREN PARTY RENTAL

4359 Fraser St., Vancouver, B.C.

- ਵਿਆਹ ਸ਼ਾਦੀਆਂ ਅਤੇ ਪਾਰਟੀਆਂ ਲਈ ਹਰ ਤਰ੍ਹਾਂ ਦੇ ਬਰਤਨ ਕਿਰਾਏ ਉਪਰ ਸਾਡੇ ਕੋਲੋਂ ਲੈਣ ਲਈ

**879-6471** ਉਪਰ ਫੂਨ ਕਰੋ

- ਫੁੱਲਾਂ ਅਤੇ ਨੈਪਕਿੰਨਜ਼ ਤੱਕ ਹਰ ਤਰ੍ਹਾਂ ਦਾ ਸਾਮਾਨ ਬਹੁਤ ਹੀ ਬਾਜਵ ਕਿਰਾਏ ਉਪਰ ਮਿਲਦਾ ਹੈ।
- ਹਰ ਕਿਸਮ ਦੀ ਸੁਆਦੀ ਅਤੇ ਭਾਂਤ ਭਾਂਤ ਦੇ ਖਾਣੇ, ਵੱਡੀ ਤੋਂ ਵੱਡੀ ਪਾਰਟੀ ਲਈ ਤਿਆਰ ਕਰਨ ਲਈ ਅਤੇ ਵਰਤਾਉਣ ਲਈ, ਬੀ. ਸੀ. ਭਰ ਵਿਚ ਮਸ਼ਹੂਰ ਅਤੇ ਲੋਇਰਮੇਨ ਲੈਂਡ ਵਿਚ ਤੁਹਾਡਾ ਆਪਣਾ ਰੈਸਟੋਰੈਂਟ ਸੇਵਾ ਲਈ ਹਾਜ਼ਰ ਹੈ : ਤੁਹਾਡਾ ਮਨ ਪਸੰਦ :

**ਮੋਤੀ ਮਹਿਲ ਰੈਸਟੋਰੈਂਟ**

6540 Main St., Vancouver B.C. **Ph. 321-3223**

ਅਫਰੀਕਨ ਸਰਕਾਰ ਨਾਮਜ਼ਦ ਕਰਦੀ ਹੈ ।

ਦੱਖਣੀ ਅਫਰੀਕਾ ਦੀ ਵਸੋਂ ਨੂੰ ਕਲਾਸੀਫਾਈ ਕੀਤਾ ਹੋਇਆ ਹੈ ਭਾਵ ਰੰਗ ਤੇ ਨਸਲ ਦੇ ਆਧਾਰ ਤੇ ਵੰਡਿਆ ਹੋਇਆ ਹੈ ਜਿਵੇਂ ਚਿੱਟੇ, ਰੰਗਦਾਰ, ਕਾਲੇ, ਭਾਰਤੀ ਆਦਿ । ਅਤੇ ਸਾਰੀ ਜਿੰਦਗੀ ਇਹਨਾਂ ਵੰਡਾਂ ਦੇ ਆਧਾਰ ਤੇ ਹੀ ਰਹਿਣੀ ਪੈਂਦੀ ਹੈ । ਕਿਉਂਕਿ ਇਸ ਆਧਾਰ ਤੇ ਜਿੰਦਗੀ ਅਤੇ ਇਸ ਨਾਲ ਸੰਬੰਧਤ ਸਾਰੇ ਹੀ ਸਮਾਜਿਕ ਆਰਥਕ ਤੇ ਸਿਆਸੀ ਕੰਮ ਨਿਭਾਏ ਜਾਣੇ ਤੇ ਬੱਝੇ ਹੋਏ ਹਨ । "ਗਰੁਪ ਏਰੀਆ ਐਕਟ" ਦੇ ਅਧੀਨ ਵਖਰੇ ਵੱਖਰੇ ਰੰਗ ਨਸਲ ਦੇ ਲੋਕ ਵੱਖੋ ਵੱਖ ਇਲਾਕਿਆਂ ਵਿਚ ਰਹਿੰਦੇ ਤੇ ਰਹਿਣ ਲਈ ਮਜ਼ਬੂਰ ਕੀਤੇ ਹੋਏ ਹਨ । ਇਸ ਹੀ ਆਧਾਰ ਤੇ ਕੰਮਾਂ ਦੀ ਵੰਡ ਤੇ ਇਜਾਜ਼ਤ ਹੈ ਜਿਸ ਨੂੰ "ਜੌਬ ਰਜ਼ਰਵੇਸ਼ਨ ਐਕਟ" ਆਖਦੇ ਹਨ ।

ਹੁਣ ਪਿਛੇ ਕੀਤੀਆਂ ਅਖੌਤੀ ਤੇ ਪਰਪੱਚੀ ਸੋਧਾਂ ਦੇ ਅਨੁਸਾਰ ਦੱਖਣੀ ਅਫਰੀਕਾ ਦੀ ਪਾਰਲੀਮੈਂਟ ਦੇ ਭੀ ਤਿੰਨ ਅੰਗ ਹਨ । ਇਕ ਤਾਂ ਚਿੱਟਿਆਂ ਦੀ ਪਾਰਲੀਮੈਂਟ ਹੈ ਜਿਸ ਪਾਸ ਸਾਰੀਆਂ ਤਾਕਤਾਂ ਹਨ ਤੇ ਇਸ ਦੇ ਮੈਂਬਰਾਂ ਨੂੰ "ਲੈਜਸਲੇਟਰ" ਆਖਦੇ ਹਨ । ਰੰਗਦਾਰ ਲੋਕਾਂ ਦੀ ਅਸੰਬਲੀ ਨੂੰ "ਹਾਊਸ ਔਵ ਰੀਪਰੇਜ਼ਨਟੇਟਿਵ" ਅਤੇ ਏਸ਼ੀਅਨਾਂ ਦੇ ਹਾਊਸ ਦੇ ਮੈਂਬਰਾਂ ਨੂੰ ਡੇਲੀਗੇਟ ਆਖਦੇ ਹਨ ਇਹ ਦੋਹਾਂ ਪਾਸ ਕੋਈ ਤਾਕਤ ਨਹੀਂ । ਸਿਰਫ ਮੂੰਹ ਵਿਖਾਉਣ ਲਈ ਜੀ ਹਜ਼ੂਰੀਏ ਭਰਤੀ ਹਨ । ਦੇਸ਼ ਦੇ 90 ਫੀ ਸਦੀ ਲੋਕਾਂ ਨੇ ਇਸ ਸਾਰੇ ਪ੍ਰਬੰਧ ਨੂੰ ਰੱਦ ਤੇ ਬਾਈਕਾਟ ਕੀਤਾ ।

ਵਿਦਿਆ ਦਾ ਭੀ ਇਹ ਹੀ ਹਾਲ ਹੈ । ਵਿਦਿਆ ਲਈ ਕੋਈ ਖਾਸ ਸਹੂਲਤ ਨਹੀਂ ਅਤੇ ਜੋ ਸਕੂਲ ਹਨ ਉਹਨਾਂ ਵਿਚ ਪੜ੍ਹਾਈ ਦੇ ਸਾਧਨ ਤੇ ਮਿਆਰ ਤਾਂ ਬਹੁਤ ਮਾੜੇ ਹਨ । ਪਰ ਇਸ ਦੇ ਨਾਲ ਹੀ ਵਿਦਿਆ ਰਾਹੀਂ ਬਹੁ-ਗਿਣਤੀ ਅਫਰੀਕਨ ਲੋਕਾਂ ਨੂੰ ਦਿਮਾਗੀ ਤੌਰ ਤੇ ਗੁਲਾਮ ਬਣਾਉਣ ਅਤੇ ਦਿਮਾਗੀ ਹਿੰਸਾ ਲਈ ਵਰਤਿਆ ਜਾਂਦਾ ਹੈ । ਚਿਟਿਆਂ ਲਈ ਮੁਫਤ ਹੈ ਪਰ ਅਫਰੀਕੀ ਲੋਕਾਂ ਲਈ ਫੀਸਾਂ । ਪਰ ਵਿਦਿਆਰਥੀ ਤੇ ਅਫਰੀਕੀ ਲੋਕ ਇਸ ਵਿਰੁਧ ਜਾਗੇ ਤੇ ਉਠੇ ਹੋਏ ਹਨ । "ਸਵੇਤੋ" ਦੀ ਜਦੋ ਜਹਿਦ ਸਕੂਲਾਂ ਤੋਂ ਆਰੰਭ ਹੋਈ ਭਾਵੇਂ ਕਿ ਇਸ ਪਿਛੇ ਹੋਰ ਭੀ ਆਰਥਕ ਤੇ ਸਿਆਸੀ ਕਾਰਨ ਹਨ ।

"ਸਵੇਤੋ" ਦੀ 1976 ਦੀ ਵਿਦਿਆਰਥੀ ਤੇ ਲੋਕ ਬਗਾਵਤ ਵਧਦੀ ਹੀ ਗਈ ਜਿਸ ਦੇ ਦੌਰਾਨ ਤੇ ਪਿਛੋਂ ਸੈਂਕੜੇ ਵਿਦਿਆਰਥੀ ਮਾਰੇ ਗਏ ਅਤੇ ਹਜ਼ਾਰਾਂ ਹੀ ਬੱਚੇ ਜੇਲਾਂ ਵਿਚ ਬੰਦ ਹਨ । ਉਹਨਾਂ ਦੀ ਬਗਾਵਤ ਦਾ ਚਿੰਨ 'ਬੀਕੋ' ਬਣ ਗਿਆ । ਜਿਵੇਂ ਦੱਖਣੀ ਅਫਰੀਕਾ ਦੀ ਕੌਮੀ ਆਜ਼ਾਦੀ ਦਾ ਚਿੰਨ ਨੈਲਸਨ ਮੰਡੇਲਾ ਹੈ ਜੋ ਅਫਰੀਕਨ ਨੈਸ਼ਨਲ ਕਾਂਗਰਸ ਦਾ ਲੀਡਰ ਅਤੇ ਜੇਲ ਵਿਚ ਬੰਦ ਹੈ । ਪਰ ਹੁਣ ਅਫਰੀਕੀ ਲੋਕ ਆਜ਼ਾਦੀ ਸੰਗਰਾਮ ਲਈ ਜਾਗਰਤ ਹਨ ਅਤੇ ਦਿਮਾਗੀ ਤੌਰ ਤੇ ਭੀ ਆਜ਼ਾਦ ਹਨ । ਹੁਣ ਸਰਕਾਰ ਤੋਂ ਛੋਟਾਂ ਲੈਣ ਜਾਂ ਸੁਧਾਰ ਦੀ ਮੰਗ ਦੀ ਥਾਂ ਲੋਕ ਆਜ਼ਾਦੀ ਦੀ ਹੱਕੀ ਮੰਗ ਲਈ ਅਗੇ ਵਧ ਰਹੇ । ਹੁਣ ਹੱਥ ਠੋਕਾ ਸਟੇਟ ਦਾ ਭੋਗ ਪਾ ਕੇ ਨਵੇਂ ਸਿਰੇ ਤੋਂ ਮਨੁੱਖਤਾ ਦੇ ਆਧਾਰ ਤੇ ਸਟੇਟ ਬਣਾਉਣ ਲਈ ਸੰਗਰਾਮ ਹੈ ਜਿਸ ਵਿਚ ਬਿਨਾਂ ਰੰਗ ਨਸਲ ਦੇ ਭੇਦ ਭਾਵ ਦੇ ਰਹਿ ਸਕੇ । ਸਰਕਾਰ ਦੇ ਕਿਸੇ ਨਿਯਮ ਜਾਂ ਕਾਨੂੰਨ ਦੀ ਜਥੇਬੰਦਕ ਉਲੰਘਣਾ ਜਾਂ ਨਾ ਮੰਨਣਾ, ਬਗਾਵਤ ਦੇ ਨਾਮ ਨਾਲ ਹੀ ਅਫਰੀਕੀ ਲੋਕ ਲੜ ਰਹੇ ਹਨ ।

1960 ਵਿਚ ਦੱਖਣੀ ਅਫਰੀਕਾ ਵਿਚ "ਸ਼ਾਰਪਵਿੱਲ" ਦਾ ਕਤਲੇ-ਆਮ ਹੋਇਆ ਜਿਸ ਵਿਚ ਅਫਰੀਕੀ ਲੋਕਾਂ ਤੇ ਅੰਨੇਵਾਹ ਗੋਲੀਆਂ ਵਰ੍ਹਾਈਆਂ ਤੇ ਇਹ ਕਤਲੇ-ਆਮ ਦੱਖਣੀ ਅਫਰੀਕਾ ਦੀ ਸਰਕਾਰ ਵਿਰੁਧ ਮੀਲ ਪੱਥਰ ਅਤੇ ਰਾਹ ਦਰਸਾਊ ਮਿਸਾਲ ਬਣ ਗਿਆ । ਇਸ ਤੋਂ ਅਫਰੀਕਾ ਲੋਕਾਂ ਨੂੰ ਹੌਂਸਲਾ ਮਿਲਿਆ ਕਿ ਉਹ ਸਰਕਾਰ ਨੂੰ ਵੰਗਾਰ ਸਕਦੇ ਹਨ ਅਤੇ ਜੇਲ੍ਹ ਕੁਝ ਮਾਅਨੇ ਨਹੀਂ ਰਖਦੀਆਂ ਭਾਵ ਜੇਲ ਦਾ ਡਰ ਹਟ ਗਿਆ ਅਤੇ ਹਥਿਆਰਬੰਦ ਲੜਾਈ ਤੇ ਇਸ ਦੀ ਪਰਪਕਤਾ ਵਾਲੀ ਸੋਚ ਅਗੇ ਤੁਰੀ ।

ਅੱਗੇ ਅਫਰੀਕੀ ਘੁਲਾਟੀਏ ਦੱਖਣੀ ਅਫਰੀਕਾ ਦੇ ਬਾਹਰ ਤੋਂ ਲੋਕਾਂ ਦੀ ਅਗਵਾਈ ਕਰਦੇ ਸਨ ਤੇ ਅੰਦਰ ਦੀ ਮੁਹਿਮ ਕਮਜ਼ੋਰ ਸੀ । ਇਸ ਗੱਲ ਦਾ ਇਤਿਹਾਸਕ ਪੜਾਅ, ਬਾਹਰ ਮੁਖੀ ਹਾਲਾਤ ਤੇ ਨਿਰਭਰ ਕਰਦਾ ਹੈ । ਪਰ ਹੁਣ ਕੌਮੀ ਆਜ਼ਾਦੀ ਦੇ ਘੁਲਾਟੀਆਂ ਨੇ ਦੱਖਣੀ ਅਫਰੀਕਾ ਦੇ ਅੰਦਰ ਤੋਂ ਲੋਕਾਂ ਨੂੰ ਲਾਮਬੰਦ ਕਰਕੇ ਹਰ ਢੰਗ ਨਾਲ ਤੇ ਹਰ ਪੱਧਰ ਤੇ ਸੰਗਰਾਮ ਦਾ ਪਰੋਗਰਾਮ ਬਣਾਇਆ ਹੋਇਆ ਹੈ । ਉਹ ਆਖਦੇ ਹਨ ਕਿ ਬਦਲੀ →


## ਹੁਣ ਤੁਸੀਂ ਵੈਨਕੂਵਰ-ਹਾਂਗਕਾਂਗ ਨਾਨ - ਸਟਾਪ ਜਾ ਸਕਦੇ ਹੋ

ਭਾਰਤ, ਪਾਕਿਸਤਾਨ, ਫੀਜੀ ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ । ਜੇਕਰ ਤੁਸੀਂ ਲੰਡਨ ਠਹਿਰ ਕੇ ਵੀ ਜਾਣਾ ਹੈ ਤਾਂ ਵੀ ਭਾਰ ਪੂਰਾ ਲਿਜਾ ਸਕਦੇ ਹੋ ।



AUTHORIZED AGENTS FOR: • AIR CANADA • BRITISH AIRWAYS • CANADIAN PACIFIC AIRLINES • CATHAY PACIFIC AIRWAYS • THAI INTERNATIONAL AIRWAYS & OTHER MAJOR AIRLINES.

**BAINS TRAVEL SERVICE**

6364 Fraser Street, Vancouver, B.C. Ph. 324-2277

935 Marine Drive Capilano Mall, N. Vancouver

1710 Douglas St. Victoria, B.C. Ph. 386-6363

CALL TOLL FREE **1-800-663-6693** (B.C. & ALBERTA)

# ਦਰਬਾਰਾ ਸਿੰਘ ਦੇ ਨਵੇਂ ਸੁਪਨੇ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਦਰਬਾਰਾ ਸਿੰਘ ਨੂੰ ਪੰਜਾਬ ਦੀ ਗੱਦੀ ਤੋਂ ਲਾਹਕੇ ਏਥੇ ਗਵਰਨਰੀ ਰਾਜ ਕਿਉਂ ਸਥਾਪਤ ਕੀਤਾ ਗਿਆ ਸੀ ਇਸ ਬਾਰੇ ਕਿਸੇ ਨੂੰ ਵੀ ਕੋਈ ਭੁਲੇਖਾ ਨਹੀਂ। ਦਰਬਾਰਾ ਸਿੰਘ ਦੇ ਦੌਰ ਵਿਚ ਨਾ ਕੇਵਲ ਬੇਗੁਨਾਹ ਲੋਕਾਂ ਦੇ ਕਤਲ ਹੀ ਵਧ ਰਹੇ ਸਨ ਸਗੋਂ ਹੋਰ ਵੀ ਬਹੁਤ ਕੁਝ ਹੋ ਰਿਹਾ ਸੀ ਜਿਸ ਨੂੰ ਕੇਂਦਰ ਪਸੰਦ ਨਹੀਂ ਸੀ ਕਰਦਾ। ਇਹ ਗਲ ਵੀ ਸਾਰੇ ਹੀ ਜਾਣਦੇ ਹਨ ਕਿ ਪੰਜਾਬ ਅੰਦਰ ਦਰਬਾਰਾ ਸਿੰਘ ਦੀ ਹਕੂਮਤ ਸਮੇਂ ਹੀ ਅੱਤਵਾਦੀ ਤੱਤਾਂ ਨੂੰ ਹਲਾਸ਼ੇਰੀ ਮਿਲੀ ਅਤੇ ਉਹ ਭੂਤਰ ਗਏ।

ਬੁਧਵਾਰ ਨੂੰ ਜਲੰਧਰ ਵਿਖੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਦਰਬਾਰਾ ਸਿੰਘ ਨੇ ਇਸ ਦਲੀਲ ਨਾਲ ਤਾਂ ਸਹਿਮਤੀ ਪ੍ਰਗਟਾਈ ਕਿ ਪੰਜਾਬ ਨੂੰ ਬਹੁਤਾ ਸਮਾਂ ਰਾਸ਼ਟਰਪਤੀ ਰਾਜ ਅਧੀਨ ਨਹੀਂ ਰਖਿਆ ਜਾਣਾ ਚਾਹੀਦਾ ਅਤੇ ਕਿ ਛੇਤੀ ਚੁਣੀ ਹੋਈ ਸਰਕਾਰ ਬਹਾਲ ਕਰਨੀ ਚਾਹੀਦੀ ਹੈ। ਪਰ ਜਦੋਂ ਉਹਨਾਂ ਤੋਂ ਪੁਛਿਆ ਗਿਆ ਕਿ ਕੀ ਤੁਹਾਡੀ ਪਾਰਟੀ (ਕਾਂਗਰਸ ਆਈ) ਪੰਜਾਬ ਵਿਚ ਆਪਣੀ ਸਰਕਾਰ ਬਣਾ ਰਹੀ ਹੈ ਤਾਂ ਉਹਨਾਂ ਦਾ ਉੱਤਰ ਇਹ ਸੀ ਕਿ ਹਾਲਾਤ ਸਾਜ਼ਗਾਰ ਹੋਣ ਤੇ ਅਸੀਂ ਸੋਚਾਂਗੇ।

ਪੰਜਾਬ ਅਸੰਬਲੀ ਵਿਚ ਕਾਂਗਰਸ ਆਈ ਦੇ 31 ਮੈਂਬਰ ਹਨ ਅਤੇ ਇਸ ਸਮੇਂ ਸਭ ਤੋਂ ਵੱਡੀ ਪਾਰਟੀ ਅਕਾਲੀ ਦਲ (ਲੌਂਗੋਵਾਲ) ਹੈ। ਇਸ ਤਰਾਂ ਦੀ ਅਵਸਥਾ ਵਿਚ ਕਾਂਗਰਸ ਆਈ ਇਕੱਲੀ ਕਿਵੇਂ ਸਰਕਾਰ ਬਣਾ ਲਵੇਗੀ ਇਹ ਗਲ ਤਾਂ ਸ੍ਰੀ ਦਰਬਾਰਾ ਸਿੰਘ ਹੀ ਜਾਣਦੇ ਹਨ।

ਜਿਸ ਤਰਾਂ ਦੀ ਪੰਜਾਬ ਅਸੰਬਲੀ ਵਿਚ ਵੱਖ ਵੱਖ ਪਾਰਟੀਆਂ ਅਤੇ ਅਕਾਲੀ ਗਰੁਪਾਂ ਦੀ ਪੁਜ਼ੀਸ਼ਨ ਹੈ ਉਸ ਅਨੁਸਾਰ ਕਾਂਗਰਸ ਆਈ ਅਕਾਲੀਆਂ ਦੇ ਕਿਸੇ ਗਰੁਪ ਨਾਲ ਰਲਕੇ ਹੀ ਸਰਕਾਰ ਬਣਾ ਸਕਦੀ ਹੈ ਪਰ ਪੰਜਾਬ ਦੀ ਅਜੋਕੀ ਅਵਸਥਾ ਵਿਚ ਕੋਈ ਵੀ ਅਕਾਲੀ ਧੜਾ ਕਾਂਗਰਸ ਨਾਲ ਰਲਕੇ ਸਰਕਾਰ ਨਹੀਂ ਬਣਾਏਗਾ।

ਪੰਜਾਬ ਦੀ ਅਜੋਕੀ ਅਵਸਥਾ ਵਿਚ ਕੇਵਲ ਅਕਾਲੀ ਦਲ (ਲੌਂਗੋਵਾਲ) ਹੀ ਹੋਰਨਾ ਦੀ ਮਦਦ ਨਾਲ ਸਰਕਾਰ ਬਣਾ ਸਕਦਾ ਹੈ ਪਰ ਉਸ ਨੂੰ ਕੇਂਦਰ ਮੌਕਾ ਨਹੀਂ ਦੇ ਰਿਹਾ ਸਗੋਂ ਉਲਟਾ ਰਾਸ਼ਟਰਪਤੀ ਰਾਜ ਦੀ ਮਿਆਦ ਹੋਰ ਛੇ ਮਹੀਨੇ ਲਈ ਵਧਾ ਦਿਤੀ ਗਈ ਹੈ।

ਜੇ ਕੇਂਦਰੀ ਸਰਕਾਰ ਝਬਦੇ ਹੀ ਜੋਧਪੁਰ ਦੇ ਨਿਰਦੋਸ਼ ਨਜ਼ਰਬੰਦਾਂ ਨੂੰ ਰਿਹਾ ਕਰ ਦੇਵੇ ਅਤੇ ਦਿੱਲੀ ਦੰਗਿਆਂ ਬਾਰੇ ਕਮਿਸ਼ਨ ਦੀ ਰਿਪੋਰਟ ਦੇ ਆਧਾਰ ਉਤੇ ਬੇਨਕਾਬ ਕੀਤੇ ਗਏ ਅਪਰਾਧੀਆਂ ਵਿਰੁੱਧ ਕਝ ਕਾਰਵਾਈ ਕਰ ਦੇਵੇ ਅਤੇ ਫੇਰ ਪਿਛੋਂ ਪੰਜਾਬ ਸਮਝੌਤੇ ਦੀ ਸੇਧ ਵਿਚ ਪੰਜਾਬ ਦੇ ਸਿਆਸੀ ਮਸਲੇ ਦੇ ਹੱਲ ਲਈ ਤੇਜ਼ ਕਦਮ ਪੁੱਟ ਲਵੇ ਤਾਂ ਅਜਿਹੇ ਹਾਲਾਤ ਪੈਦਾ ਹੋ ਸਕਦੇ ਹਨ ਕਿ ਅਕਾਲੀ ਅਸੰਬਲੀ ਅੰਦਰ ਵੱਖ-ਵੱਖ ਧੜੇ ਰਲਕੇ ਵਜ਼ਾਰਤ ਬਨਾਉਣ ਲਈ ਸਹਿਮਤ ਹੋ ਜਾਣ ਅਤੇ ਦੇਸ਼ ਦੀ ਏਕਤਾ ਅਖੰਡਤਾ ਲਈ ਖਲੋਣ ਸਬੰਧੀ ਪੁਜੀਸ਼ਨਾਂ ਵੀ ਲੈ ਲੈਣ।

ਅਕਾਲੀ ਗਰੁਪਾਂ ਵਲੋਂ ਅੱਤਵਾਦੀ-ਵੱਖਵਾਦੀ ਤੱਤਾਂ ਨਾਲੋਂ ਸਪਸ਼ਟ ਨਿਖੇੜਾ ਨਾ ਕਰਨ ਦੀ ਉਹਨਾਂ ਦੀ ਪਾਲਸੀ ਦੀ ਸਖਤ ਨਿੰਦਾ ਕਰਦਿਆਂ ਹੋਇਆ ਉਹਨਾਂ ਨੂੰ ਚੰਗੇ ਪਾਸੇ ਵੱਲ ਤੋਰਨ ਲਈ ਇਹ ਗੱਲ ਜ਼ਰੂਰੀ ਹੈ ਕਿ ਕੇਂਦਰੀ ਸਰਕਾਰ ਪੰਜਾਬ ਦੇ ਸਬੰਧ ਵਿਚ ਆਪਣੇ ਕੁਝ ਵਾਹਦੇ ਪੂਰੇ ਕਰੇ, ਅਥਵਾ ਪੰਜਾਬ ਮਸਲੇ ਦੇ ਸਿਆਸੀ ਹੱਲ ਲਈ ਕੁਝ ਕਦਮ ਪੁਟੇ ਜਾਣ। →

ਅਮਨ ਨਾਲ ਚਾਹੀਦੀ ਹੈ ਪਰ ਕਿਉਂਕਿ ਦੱਖਣੀ ਅਫਰੀਕਾ ਦੀ ਸਟੇਟ ਖੂਨਖਾਰ ਅਤੇ ਹਿੰਸਕ ਹੈ, ਸੋ ਉਸ ਦਾ ਟਾਕਰਾ ਹਿੰਸਾ ਨਾਲ ਹੀ ਹੋ ਸਕਦਾ ਹੈ ਅਤੇ ਹਿੰਸਾ ਨਾਲ ਇਨਕਲਾਬ ਆਏਗਾ। ਧਾਰਮਿਕ ਤੇ ਈਸਾਈ ਨੇਤਾ ਭੀ ਇਸ ਰਾਏ ਤੇ ਪੁਜ ਗਏ ਹਨ। ਦੁਨੀਆਂ ਦੇ ਭਾਰੀ ਬਹੁ-ਗਿਣਤੀ ਦੇਸ਼ ਭੀ ਸਹਿਮਤ ਹਨ। ਹੁਣ ਅਫਰੀਕਨ ਲੋਕਾਂ ਦੀਆਂ ਬਸਤੀਆਂ ਵਿਚ ਆਜ਼ਾਦੀ ਲਈ ਤਾਂਘ ਹੈ ਅਤੇ ਨਸਲਵਾਦੀ ਪੁਲਸ ਤੇ ਫੌਜ ਗੋਲੀਆਂ, ਕਤਲਾਂ ਅਤੇ ਜੇਲ੍ਹਾਂ ਨਾਲ ਆਵਾਜ਼ ਤੇ ਲਹਿਰਬੰਦ ਨਹੀਂ ਕਰਾ ਸਕਦੀ। ਅਫਰੀਕੀ ਲੋਕਾਂ ਦੀ ਯੂਨੀਅਨ ਭੀ ਮਜ਼ਬੂਤ ਹੋ ਰਹੀ ਹੈ ਅਤੇ ਟਰੇਡ ਯੂਨੀਅਨ ਦੀ ਹੜਤਾਲਾਂ ਤੇ ਹਾਰਾਂ ਜਿੱਤਾਂ ਤੋਂ ਸਬਕ ਸਿਖਦੀ ਹੋਈ ਹੋਰ ਸੰਗਠਨ ਵਧ ਵਧ ਰਹੀ ਹੈ।

ਹੁਣ ਬਾਹਰ ਦੇ ਦੇਸ਼ਾਂ ਦੇ ਲੋਕਾਂ ਲਈ ਜ਼ਰੂਰੀ ਹੈ ਕਿ ਦੱਖਣੀ ਅਫਰੀਕਾ ਦੇ ਕਾਲੇ ਲੋਕਾਂ ਦੀ ਜਿੱਤ ਲਈ, ਨਸਲਵਾਦੀ ਸਰਕਾਰ ਵਲੋਂ ਬਣਾਈ ਤੇ ਭੇਜੀਆਂ ਜਾਂਦੀਆਂ ਚੀਜ਼ਾਂ ਜਿਵੇਂ ਸ਼ਰਾਬ, ਫਲ, ਹੀਰੇ ਜਵਾਹਰਾਤ ਅਤੇ ਸੋਨੇ ਆਦਿ ਦੇ ਖਰੀਦਣ ਦਾ ਬਾਈਕਾਟ ਹੋਵੇ ਅਤੇ ਸਰਕਾਰ ਤੇ ਦਬਾਅ ਪਵੇ ਕਿ ਦੱਖਣੀ ਅਫਰੀਕਾ ਨਾਲ ਸਾਰੀ ਖਰੀਦੋ ਫਰੋਖਤ ਬੰਦ। ਇਹ ਬੰਦਸ਼ਾਂ ਤੇ ਬਾਈਕਾਟ, ਉਥੇ ਦੀ ਕੌਮੀ ਆਜ਼ਾਦੀ ਲਹਿਰ ਨਾਲ ਹਮਦਰਦੀ ਤੇ ਏਕਤਾ ਦਾ ਪ੍ਰਗਟਾਵਾ ਹੈ ਜਿਸ ਵਿਚ ਉਸ ਨੂੰ ਉਤਸ਼ਾਹ ਅਤੇ ਨਸਲਵਾਦੀਆਂ ਦੇ ਹੌਂਸਲੇ ਤੇ ਸੱਟ। ●


ਪੰਜਾਬੀ ਮਾਰਕਿਟ ਵਿਚ

**ਮਾਨ ਸ਼ੂਅ ਸਟੋਰ**

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS'
SHOES AND LEATHER
LUGGAGE & ACCESSORIES

ਮੁਹਿੰਦਰ ਸਿੰਘ ਮਾਨ Mohinder Singh Mann

321-4353

MANN SHOE STORE
6570 MAIN ST., VANCOUVER, B.C.

ਸਫ਼ਾ 12 ਦੀ ਬਾਕੀ

ਜੇ ਭਾਰਤ ਦੀ ਲੋਕ ਚੀਨ ਨਾਲ ਪੱਕੀ-ਪੀਡੀ ਦੋਸਤੀ ਹੋ ਗਈ ਤਾਂ ਇਕ ਤਾਂ ਦੇਸ ਨੂੰ ਇਸ ਪਾਸੇ ਸਰਹੱਦ ਦੀ ਰਾਖੀ ਲਈ ਬੇ-ਬਹਾ ਫੌਜੀ ਖਰਚ ਨਹੀਂ ਕਰਨਾ ਪਏਗਾ ਅਤੇ ਦੂਸਰੇ ਇਸ ਨਾਲ ਉਹਨਾਂ ਸ਼ਕਤੀਆਂ ਨੂੰ ਵੀ ਠੱਲ ਹੋ ਜਾਣਗੇ ਜਿਹੜੀਆਂ ਕਿ ਭਾਰਤ ਨੂੰ ਡਰਾਉਣ ਧਮਕਾਉਣ ਲਈ ਕਈ ਤਰਾਂ ਦੇ ਦਾਅ-ਪੇਚ ਵਰਤ ਰਹੀਆਂ ਹਨ।

ਹੋਰ ਕਈ ਪਹਿਲੂਆਂ ਤੋਂ ਵੀ ਭਾਰਤ-ਲੋਕ ਚੀਨ ਦੋਸਤੀ ਦੋਹਾਂ ਹੀ ਦੇਸਾਂ ਦੇ ਹਿੱਤ ਵਿਚ ਹੈ। ਬਹੁਤ ਸਾਰੀਆਂ ਅਜੇਹੀਆਂ ਵਸਤਾਂ ਹਨ ਜਿਹੜੀਆਂ ਭਾਰਤ ਲੋਕ ਚੀਨ ਦੀ ਮੰਡੀ ਵਿਚ ਸੁਟ ਕੇ ਹੋਰ ਥਾਵਾਂ ਨਾਲੋਂ ਚੰਗਾ ਲਾਭ ਪ੍ਰਾਪਤ ਕਰ ਸਕਦਾ ਹੈ। ਇਸੇ ਹੀ ਤਰਾਂ ਬਦਲੇ ਵਿਚ ਲੋਕ ਚੀਨ ਵੀ ਆਪਣੀਆਂ ਕੁਝ ਵਸਤਾਂ ਭਾਰਤ ਦੀ ਮੰਡੀ ਵਿਚ ਭੇਜ ਕੇ ਚੰਗਾ ਲਾਭ ਖੱਟ ਸਕਦਾ ਹੈ। ਗਲਬਾਤ ਦੇ ਅੱਠਵੇਂ ਗੇੜ ਦੀ ਸਫਲਤਾ ਉੱਤੇ ਅਸੀਂ ਖੁਸ਼ੀ ਪ੍ਰਗਟਾਏ ਬਿਨਾਂ ਨਹੀਂ ਰਹਿ ਸਕਦੇ।

---

ਜੇ ਕੇਂਦਰ ਪੰਜਾਬ ਮਸਲੇ ਦਾ ਹੱਲ ਲਟਕਾ ਰਿਹਾ ਹੈ ਤਾਂ ਉਸ ਦੀ ਇਸ ਤਰਾਂ ਦੀ ਪਾਲਸੀ ਵਿਰੁੱਧ ਪੁਰਅਮਨ ਰੋਸ ਕਰਨ ਦਾ ਅਕਾਲੀਆਂ ਨੂੰ ਪੂਰਾ ਪੂਰਾ ਹੱਕ ਹੈ।

★ਜੇ ਕੇਂਦਰੀ ਸਰਕਾਰ ਜਾਂ ਪੰਜਾਬ ਪ੍ਰਸ਼ਾਸ਼ਨ ਸਿੱਖ ਫਿਰਕੇ ਨਾਲ ਜਾਂ ਸਿੱਖਾਂ ਨਾਲ ਕੋਈ ਵਧੀਕੀ ਕਰਦੀ ਹੈ ਤਾਂ ਉਸ ਵਿਰੁੱਧ ਰੋਸ ਪ੍ਰਗਟਾਉਣ ਦਾ ਵੀ ਸਿੱਖ ਫਿਰਕੇ ਦੇ ਧਾਰਮਕ ਮੁਖੀਆਂ ਨੂੰ ਪੂਰਾ ਪੂਰਾ ਹੱਕ ਹੈ।

ਉਪਰੋਕਤ ਗੱਲਾਂ ਨੂੰ ਮੁਖ ਰਖਦਿਆਂ ਅਕਾਲੀਆਂ ਅਤੇ ਸਿੱਖ ਫਿਰਕੇ ਦੇ ਧਾਰਮਕ ਮੁਖੀਆਂ ਲਈ ਕੀ ਇਹ ਗੱਲ ਜ਼ਰੂਰੀ ਨਹੀਂ ਬਣ ਜਾਂਦੀ ਕਿ ਉਹ ਇਕ ਤਾਂ ਸ੍ਰੀ ਹਰਮੰਦਰ ਸਾਹਿਬ ਅਤੇ ਹੋਰ ਧਾਰਮਕ ਅਸਥਾਨਾਂ ਨੂੰ ਅੱਤਵਾਦੀ ਤੱਤਾਂ ਦੀ ਪਨਾਹਗਾਹ ਨਾ ਬਣਨ ਦੇਣ ਅਤੇ ਇਸ ਸਬੰਧ ਵਿਚ ਆਪਣੇ ਜ਼ੁੰਮੇਂ ਲਗੇ ਫਰਜ਼ ਨਿਭਾਉਣ ਅਤੇ ਦੂਜੇ ਇਹ ਗਲ ਡਟਕੇ ਕਹਿਣ ਕਿ ਜਿਹੜੇ ਲੋਕ ਸਿੱਖ ਪੰਥ ਦੇ ਨਾਂ ਉਤੇ ਵੱਖਵਾਦ ਦਾ ਦੇਸ਼ ਧਰੋਹੀ ਪ੍ਰਚਾਰ ਕਰ ਰਹੇ ਹਨ ਉਹਨਾਂ ਨਾਲ ਸਿੱਖਾਂ ਦੀ ਧਾਰਮਿਕ ਸੰਸਥਾ ਦਾ ਕੋਈ ਵੀ ਸਬੰਧ ਨਹੀਂ। ਪਰ ਦੁਖਦਾਇਕ ਗੱਲ ਇਹ ਹੈ ਕਿ ਸਿੱਖ ਪੰਥ ਦੇ ਇਹ ਆਗੂ ਇਸ ਕਿਸਮ ਦੀ ਲੜਾਈ ਦੇਣ ਦੀ ਆਪਣੀ ਜ਼ੁੰਮੇਂਵਾਰੀ ਨਿਭਾਉਣ ਦੀ ਥਾਂ ਸੌਖੇ ਰਾਹ ਕਢ ਰਹੇ ਹਨ ਅਤੇ ਆਪਣੇ ਇਸ ਤਰਾਂ ਦੇ ਦਾਅ-ਪੇਚਾਂ ਨਾਲ ਉਹਨਾਂ ਲਈ ਹੀ ਸਹਾਈ ਹੋ ਰਹੇ ਹਨ ਜਿਹੜੇ ਕਿ ਪੰਥ ਦੇ ਨਾਂ ਹੇਠ ਦੇਸ਼ ਧਰੋਹੀ ਕਾਰੇ ਕਰ ਰਹੇ ਹਨ ਅਤੇ ਖੁਲੇ-ਆਮ ਦੇਸ ਦੀ ਏਕਤਾ ਅਖੰਡਤਾ ਵਿਰੁੱਧ ਬਿਆਨਬਾਜ਼ੀ ਕਰ ਰਹੇ ਹਨ।

ਅਕਾਲ ਤਖਤ ਦੇ ਐਕਟਿੰਗ ਜਥੇਦਾਰ ਦਰਸ਼ਨ ਸਿੰਘ ਰਾਗੀ ਨੇ ਆਪਣੇ ਅਹੁਦੇ ਤੋਂ ਅਸਤੀਫਾ ਛੱਡਕੇ ਜਿਹੜਾ ਨਵਾਂ ਪਰੋਗਰਾਮ ਐਲਾਨਿਆ ਹੈ ਉਸ ਨੂੰ ਅਸੀਂ ਇਸ ਸੇਧ ਵਿਚ ਵੇਖਦੇ ਹਾਂ।

# ਬਜ਼ੁਰਗ ਕਮਿਊਨਿਸਟ ਨੇਤਾ ਭਾਈ ਸ਼ੇਰ ਸਿੰਘ ਦਾ ਦਿਹਾਂਤ

ਜੰਡਿਆਲਾ (ਜਲੰਧਰ)—ਆਜ਼ਾਦੀ ਘੁਲਾਟੀਏ ਅਤੇ ਬਜ਼ੁਰਗ ਕਮਿਊ-ਨਿਸਟ ਆਗੂ ਭਾਈ ਸ਼ੇਰ ਸਿੰਘ ਦਾ ਅੱਜ ਸਵੇਰੇ ਦਿੱਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ। ਆਪ ਦੀ ਉਮਰ ਅੱਸੀ ਸਾਲ ਤੋਂ ਉਪਰ ਸੀ।

ਭਾਈ ਸ਼ੇਰ ਸਿੰਘ ਆਪਣੀ ਜਵਾਨੀ ਦੀ ਉਮਰ ਵਿਚ ਆਜ਼ਾਦੀ ਦੀ ਲਹਿਰ ਵਿਚ ਕੁੱਦ ਪਏ ਤੇ ਫੇਰ 1930 ਵਿਚ ਕਮਿਊਨਿਸਟ ਲਹਿਰ ਦੇ ਨੇੜੇ ਆ ਗਏ। ਆਪ ਨੇ ਪਹਿਲਾਂ ਲਾਲ ਪਾਰਟੀ ਵਿਚ ਸਰਗਰਮ ਕੰਮ ਕੀਤਾ ਅਤੇ ਫੇਰ ਪਿਛੋਂ ਸਾਂਝੀ ਕਮਿਊਨਿਸਟ ਪਾਰਟੀ ਵਿਚ ਸਰਗਰਮ ਰਹੇ। ਪਾਰਟੀ ਵਿਚ ਵੰਡ ਤੋਂ ਪਿਛੋਂ ਆਪ ਸੀ. ਪੀ. ਆਈ. ਵਿਚ ਰਹੇ।

ਆਪ ਨੇ ਦੇਸ ਦੀ ਆਜ਼ਾਦੀ ਤੋਂ ਪਹਿਲਾਂ ਕਈ ਵਾਰ ਜਿਹਲ ਦੀ ਹਵਾ ਖਾਧੀ ਅਤੇ ਫੇਰ ਆਜ਼ਾਦੀ ਤੋਂ ਪਿਛੋਂ ਵੀ ਆਪ ਜਨਤਕ ਸੰਗਰਾਮ ਵਿਚ ਸਰ-ਗਰਮ ਹਿੱਸਾ ਲੈਂਦੇ ਰਹੇ।

ਭਾਈ ਸ਼ੇਰ ਸਿੰਘ ਬੜੇ ਹੀ ਸਿਰੜੀ ਵਰਕਰ ਸਨ ਅਤੇ ਆਪ ਦਾ ਆਪਣੇ ਨਗਰ ਅਤੇ ਇਲਾਕੇ ਵਿਚ ਬੜਾ ਸਤਿਕਾਰ ਕੀਤਾ ਜਾਂਦਾ ਸੀ।

ਆਪ ਭਾਵੇਂ ਬਹੁਤੇ ਪੜੇ ਲਿਖੇ ਨਹੀਂ ਸਨ ਪਰ ਇਸ ਦੇ ਬਾਵਜੂਦ ਮਾਰਕਸਵਾਦੀ ਸਿਧਾਂਤ ਦੀ ਕਾਫੀ ਪਕੜ ਰਖਦੇ ਸਨ।

ਭਾਈ ਸ਼ੇਰ ਸਿੰਘ ਨੇ ਕਈ ਸਾਲ ਮਰਹੂਮ ਬਾਬਾ ਕਰਮ ਸਿੰਘ ਚੀਮਾਂ ਅਤੇ ਬਾਬਾ ਭਾਗ ਸਿੰਘ ਕਨੇਡੀਅਨ ਨਾਲ ਵੀ ਆਜ਼ਾਦੀ ਦੀ ਲਹਿਰ ਸਮੇਂ ਅਤੇ ਆਜ਼ਾਦੀ ਤੋਂ ਪਿਛੋਂ ਕੰਮ ਕੀਤਾ।

ਸੀ. ਪੀ. ਆਈ. (ਐਮ) ਦੀ ਪੰਜਾਬ ਰਾਜ ਕਮੇਟੀ ਦੇ ਐਕਟਿੰਗ ਸੈਕਟਰੀ ਸਾਥੀ ਗੁਰਚਰਨ ਸਿੰਘ ਰੰਧਾਵਾ ਅਤੇ ਸੀ. ਪੀ. ਆਈ. ਐਮ. ਦੀ ਜਲੰਧਰ ਜ਼ਿਲਾ ਕਮੇਟੀ ਦੇ ਸੈਕਟਰੀ ਸਾਥੀ ਸਰਵਣ ਸਿੰਘ ਚੀਮਾਂ ਨੇ ਇਕ ਸਾਂਝੇ ਬਿਆਨ ਵਿਚ ਭਾਈ ਸ਼ੇਰ ਸਿੰਘ ਦੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਕਿਹਾ ਹੈ ਕਿ ਉਹਨਾਂ ਦੀ ਮੌਤ ਨਾਲ ਇਕ ਦੇਸ਼ ਭਗਤ ਸੰਗਰਾਮੀਆ ਸਾਥੋਂ ਖੋਹਿਆ ਗਿਆ ਹੈ ਜਿਸ ਨੇ ਆਪਣੀ ਸਾਰੀ ਜ਼ਿੰਦਗੀ ਲੋਕਾਂ ਦੇ ਲੇਖੇ ਲਾਈ।

ਦੋਵਾਂ ਨੇਤਾਵਾਂ ਨੇ ਭਾਈ ਸ਼ੇਰ ਸਿੰਘ ਦੇ ਪਰਵਾਰ ਨਾਲ ਡੂੰਘੀ ਹਮਦਰਦੀ ਪ੍ਰਗਟਾਈ ਹੈ।

ਭਾਈ ਸ਼ੇਰ ਸਿੰਘ ਦੀ ਮੌਤ ਦੀ ਖਬਰ ਅੱਜ ਸਵੇਰੇ 9 ਵਜੇ ਪਾਰਟੀ ਦੇ ਸੂਬਾਈ ਦਫਤਰ ਪੁਜੀ ਅਤੇ ਓਸੇ ਸਮੇਂ ਹੀ ਸੀ. ਪੀ. ਆਈ. (ਐਮ) ਦੇ ਆਗੂ ਉਹਨਾਂ ਦੇ ਆਖਰੀ ਦਰਸ਼ਨਾਂ ਲਈ ਕਸਬਾ ਜੰਡਿਆਲਾ ਲਈ ਰਵਾਨਾ ਹੋ ਗਏ।

ਪ੍ਰਾਪਤ ਸੂਚਨਾ ਅਨੁਸਾਰ ਭਾਈ ਸ਼ੇਰ ਸਿੰਘ ਦੇ ਆਖਰੀ ਦਰਸ਼ਨਾਂ ਲਈ ਸੈਂਕੜੇ ਲੋਕ ਪੁੱਜੇ ਹੋਏ ਸਨ ਅਤੇ ਉਹਨਾਂ ਦੀ ਦੇਹ ਲਾਲ ਝੰਡੇ ਵਿਚ ਲਿਪਟੀ ਅਤੇ ਫੁਲਾਂ ਨਾਲ ਢਕੀ ਹੋਈ ਸੀ।


ਪੌਪੂਲਰ ਫਰਨੀਚਰ

ਮੈਨੂ. ਲਿਮ:



POPULAR

FURNITURE MFG. LTD.

Phone 596-1216

7935 - 128th Street
Surrey, B.C.

ਕਹਾਣੀ

# ਜ਼ਮੀਰ ਦੀ ਅਵਾਜ਼

—ਰਮੇਸ਼ ਤਾਂਗੜੀ ਬੋਹਾ

ਪਲਾਂ ਵਿਚ ਹੀ ਸ਼ਹਿਰ ਦੇ ਲੋਕ, ਗਲੀ ਗੁਆਂਢ ਅਤੇ ਦੁਕਾਨਦਾਰ ਉਹਨਾਂ ਦੇ ਦਰਾਂ ਮੂਹਰੇ ਇਕੱਠੇ ਹੋ ਗਏ ਸਨ। ਚੁਬਾਰੇ ਵਿਚੋਂ ਆਉਂਦੀ ਚੀਕਾਂ ਦੀ ਭਿਆਨਕ ਆਵਾਜ਼ ਨਾਲ ਹਰ ਕੋਈ ਸਹਿਮਿਆ ਹੋਇਆ ਸੀ। ਗਲੀ ਦੀਆਂ ਔਰਤਾਂ ਤਰਾਂ ਤਰਾਂ ਦੀਆਂ ਗਲ੍ਹਾਂ ਕਰ ਰਹੀਆਂ ਸਨ। ਚਾਰੇ ਪਾਸੇ ਤਾਜ਼ੇ ਪੱਸਰ ਰਹੇ ਹਨੇਰੇ ਦਾ ਸਨਾਂਟਾ ਸੀ। ਡਰ...ਕਹਿਰ ਤੇ ਕਿਸੇ ਹੋਣੀ ਵਾਪਰਨ ਦਾ ਇਸ਼ਾਰੇ ਕਰਦਾ ਦਰਦਨਾਕ ਮਾਹੌਲ...।

ਰੋਣ, ਚੀਕਣ ਤੇ ਹਾਏ ਬੂ ਦੀ ਆਵਾਜ ਲਗਾਤਾਰ ਵਧਦੀ ਜਾ ਰਹੀ ਸੀ। ਜਾਲਮ ਦਰਿੰਦਿਆਂ ਹਥੋਂ ਕੁਟੀ ਜਾਂਦੀ ਇਸ ਘਰ ਦੀ ਬਹੂ ਨੂੰ ਛੁਡਾਉਣ ਦਾ ਹੀਆਂ ਕੋਈ ਨਹੀਂ ਕਰ ਰਿਹਾ ਸੀ। ਦੁਕਾਨਦਾਰ ਲੋਕ ਆਉਂਦੇ, ਵੇਖਦੇ ਅਤੇ ਤੁਰ ਜਾਂਦੇ। ਔਰਤਾਂ ਨਿਰਾਸ਼ਾ ਭਰੀ ਘਬਰਾਹਟ ਵਿਚ ਇਕ ਦੂਜੀ ਨੂੰ ਕਹਿ ਰਹੀਆਂ ਸਨ, 'ਹਾਏ...ਐਨਾ ਅਨਰਥ...ਕੁੜੇ ਅਜ ਨੀ ਛੱਡਦੇ ਵਿਚਾਰੀ ਨੂੰ...ਮਾਰ ਕੇ ਹਟਣਗੇ...।'

'ਨੀਂ ਰੋਜ ਦੀ ਕੁੱਟ ਨੇ ਵਿਚਾਰੀ ਪੂਣੀ ਵਰਗੀ ਕੀਤੀ ਪਈ ਐ'

'ਇਹਨਾਂ ਅੱਗ ਲਾਉਣਿਆਂ ਦਾ ਢੱਬਰ ਹਾਲੇ ਭਰਿਆ ਨੀਂ, ਬਥੇਰਾ ਲਿਆਂਦਾਂ ਐ ਵਿਚਾਰੀ ਨੇ, ਹੁਣ ਪਤਾ ਨੀ ਕੀ ਭਾਲਦੇ ਐ ਕਮਬਖਤ...' ਤੇ ਹੋਰ ਕਿੰਨਾ ਕੁਝ ਕਹਿੰਦੀਆਂ ਬੋਲਦੀਆਂ ਔਰਤਾਂ ਉਥੋਂ ਤੁਰਦੀਆਂ ਜਾ ਰਹੀਆਂ ਸਨ।

ਚੀਕਾਂ ਦੀ ਆਵਾਜ ਕੁਝ ਘਟ ਹੋ ਗਈ ਸੀ—ਪਰ ਕਰਾਹੁਣ ਦੀ ਆਵਾਜ ਹਾਲੇ ਵੀ ਜਾਰੀ ਸੀ। ਗੀਤਾ ਨੂੰ ਕੁਟਮਾਰ ਤੋਂ ਬਾਅਦ ਨਿਢਾਲ ਕਰਕੇ ਸੌਣ ਲਈ 'ਰਾਤ ਦੀ ਰਾਣੀ' ਦੇ ਹਵਾਲੇ ਕਰ ਦਿਤਾ ਸੀ।

ਇਹ ਸਾਰਾ ਕੁਝ ਪਿਛਲੇ ਇਕ ਸਾਲ ਤੋਂ ਲਗਾਤਾਰ ਹੀ ਵਾਪਰਦਾ ਆ ਰਿਹਾ ਸੀ। ਇਕ ਔਰਤ 'ਤੇ ਹੁੰਦੇ ਘਿਨਾਉਣੇ ਅਤਿਆਚਾਰ ਨੂੰ ਇਸ ਘਰ ਦੀ ਬਹੂ-ਗੀਤਾ ਲਗਾਤਾਰ ਆਪਣੇ ਉਪਰ ਸਹਾਰਦੀ ਆ ਰਹੀ ਸੀ। ਹੁਣ ਤਾਂ ਜਿਵੇਂ ਉਹ ਮਾਰ ਖਾਣ ਤੇ ਰੋਣ ਕੁਰਲਾਉਣ ਦੀ ਆਦੀ ਹੋ ਗਈ ਸੀ।

ਇਸ ਘਰ ਦੇ ਮਾਲਕ ਦੋਵੇਂ ਪਤੀ ਪਤਨੀ ਰਾਮ ਦਿਆਲ ਤੇ ਬੰਸੀ ਆਪਣੀ ਧੀ ਦੀ ਸਹਾਇਤਾ ਨਾਲ ਆਪਣੀ ਨੂੰਹ ਗੀਤਾ ਨੂੰ ਹਰ ਰੋਜ ਕੁਟਦੇ ਸਨ। ਉਹ ਉਸਦੇ ਕੇਸ ਪੁਟਦੇ, ਧੂਹਦੇ ਤੇ ਕਪੜੇ ਪਾੜ ਕੇ ਉਸ ਨੂੰ ਤੰਗ ਕਰਦੇ ਤਾਂ ਜੋ ਕਦੇ ਬੇਬਸ ਗੀਤਾ ਆਪਣੇ ਆਪ ਖੁਦ ਨੂੰ ਹੀ ਮੌਤ ਦੇ ਹਵਾਲੇ ਕਰ ਦੇਵੇ ਅਤੇ ਉਹ ਆਪਣੇ ਪੁਤਰ ਨਰੇਸ਼ ਦਾ ਹੋਰ ਵਿਆਹ ਕਰਕੇ ਵਧ ਦਾਜ ਪ੍ਰਾਪਤ ਕਰ ਸਕਣ। ਲਾਲਚ ਦੀ ਸਖਤ ਭਟਕਣ ਹੇਠ ਉਹ ਨਰੇਸ਼ ਨੂੰ ਸਖਤੀ ਨਾਲ ਦਬਾਅ ਕੇ ਰਖਦੇ ਅਤੇ ਉਸ ਨੂੰ ਉਸ ਦੀ ਬਣਦੀ ਜਾਇਦਾਦ ਨਾ ਦੇਣ ਦੀ ਧਮਕੀ ਦੇ ਕੇ ਗੀਤਾ ਤੋਂ ਦੂਰ ਰਹਿਣ ਲਈ ਕਹਿੰਦੇ।

ਗੀਤਾ ਦਾ ਪਤੀ ਨਰੇਸ਼ ਨੇੜੇ ਦੇ ਸ਼ਹਿਰ ਵਿਚ ਕਿਸੇ ਛੋਟੇ ਜਿਹੇ ਸਰਕਾਰੀ ਦਫਤਰ ਦਾ ਕਲਰਕ ਸੀ। ਮਾਂ ਪਿਉ ਨੇ ਆਪਣੀ ਲਾਲਸਾ ਹਿਤ ਉਸਦਾ ਛੋਟੀ ਉਮਰ ਵਿਚ ਹੀ ਗੀਤਾ ਨਾਲ ਵਿਆਹ ਕਰ ਦਿਤਾ ਸੀ। ਨਰੇਸ਼ ਹਫਤੇ ਬਾਅਦ ਆਪਣੀ ਡਿਊਟੀ ਤੋਂ ਘਰ ਪਰਤਦਾ ਸੀ। ਉਸ ਦੇ ਆਉਣ ਤੇ ਉਸਦੀ ਪਤਨੀ ਗੀਤਾ ਰੋ ਰੋ ਕੇ ਆਪਣਾ ਹਾਲ ਉਸ ਨੂੰ ਸੁਣਾਉਂਦੀ ਉਸਦੀ ਪਿੱਠ ਤੇ ਪਏ ਨੀਲ ਉਸਦੇ ਅਗੇ ਕਰ ਦਿੰਦੀ ਅਤੇ ਨਾਲ ਜਾਣ ਦਾ ਵਾਸਤਾ ਪਾਉਂਦੀ। ਪਰ ਮਜਬੂਰ ਹੋਇਆ ਨਰੇਸ਼ ਕੋਈ ਜਵਾਬ ਨਾ ਦਿੰਦਾ। ਉਹ ਮਾਂ ਪਿਉ ਦੇ ਸਖਤ ਦਬਾਅ ਤੋਂ ਘਬਰਾਇਆ ਹੋਇਆ, ਉਹਨਾਂ ਦੀ ਜ਼ਮੀਨ ਜਾਇਦਾਦ ਨਾਂ ਦੇਣ ਦੀ ਧਮਕੀ ਤੋਂ ਡਰਦਾ ਆਪਣਾ ਵੱਖਰਾ ਘਰ ਵਸਾਉਣ ਤੋਂ ਅਸਮਰਥ ਚਿੰਤਾ ਵਿਚ ਘਿਰਿਆ ਵਾਪਸ ਆਪਣੇ ਦਫਤਰ ਚਲਾ ਜਾਂਦਾ ਸੀ।

ਘਰ ਦੀ ਵਿਗੜਦੀ ਹਾਲਤ ਨੇ ਨਰੇਸ਼ ਨੂੰ ਝੰਜੋੜ ਕੇ ਰਖ ਦਿਤਾ ਸੀ।

ਦਫਤਰ ਦੇ ਕੰਮਾਂ ਵਿਚ ਵੀ ਉਸ ਦਾ ਦਿਲ ਨਹੀਂ ਲਗਦਾ ਸੀ। ਕਈ ਵਾਰ ਗੰਭੀਰ ਜਿਹਾ ਹੋ ਉਹ ਆਪ ਮੁਹਾਰੇ ਬੋਲ ਉਠਦਾ। ਉਸਦਾ ਦਿਲ ਕਰਦਾ ਕਿ ਉਹ ਆਪਣੀ ਮਾਂ ਨੂੰ ਪੁਛੇ, 'ਡੈਣੇ...ਤੂੰ ਵੀ ਕਿਸੇ ਦਿਨ ਵਿਆਹ ਕੇ ਆਈ ਸੀ...ਤੈਨੂੰ ਕੋਈ ਇੰਜ ਕੁਟਦਾ ਸੀ ?' ਪਤਨੀ ਦੇ ਅਰਥਾਂ ਨੂੰ ਭਾਵੇਂ ਉਹ ਪੂਰੀ ਤਰਾਂ ਨਹੀਂ ਜਾਣਦਾ ਸੀ ਪਰ ਉਸ ਵਿਚ ਗੀਤਾ ਪ੍ਰਤੀ ਪਿਆਰ ਸੀ। ਕਦੇ ਉਹ ਜਜ਼ਬਾਤੀ ਹੋਇਆ ਆਪਣੇ ਮਨ ਵਿਚ ਬੋਲ ਉਠਦਾ ਅਤੇ ਉਸਦਾ ਜੀਅ ਕਰਦਾ ਕਿ ਉਹ ਧੌਲੇ ਆਏ ਪਿਉ ਨੂੰ ਗਲਾਂਵੇਂ ਤੋਂ ਫੜ ਕੇ ਪੁਛੇ, 'ਕੀ ਗਲ ਉਏ ਨਾਗਾ...ਤੂੰ ਮਨੁਖ ਏ ਕਿ ਦਿਓ... ਜੋ ਆਪਣੀ ਧੀਆਂ ਵਰਗੀ ਨੂੰਹ 'ਤੇ ਹਥ ਉਠਾਉਂਦਾ ਏ ?' ਉਹ ਕਿੰਨਾ ਕੁਝ ਸੋਚ ਜਾਂਦਾ ਪਰ ਜਦੋਂ ਉਹ ਅਸਲ ਸਥਿਤੀ ਵਿਚ ਆਉਂਦਾ ਤਾਂ ਉਸ ਦੀ ਕਲਪਨਾ ਸੁਕੜ ਜਾਂਦੀ। ਉਸਦੇ ਪਿਉ ਦਾ ਜ਼ਾਲਮਾਨਾਂ ਚਿਹਰਾ ਇਕ ਡਰ ਵਾਂਗ ਉਸਦੀ ਮਾਨਸਿਕਤਾ ਨੂੰ ਦਬਾਅ ਲੈਂਦਾ। ਉਸ ਦਾ ਸਾਹ ਸੁਕ ਜਾਦਾ ਤੇ ਇਕ ਸਹਿਮ ਨਾਲ ਸੋਚਣ ਸ਼ਕਤੀ ਉਸ ਨੂੰ ਜਵਾਬ ਦੇ ਜਾਂਦੀ।

ਤੇ ਇਵੇਂ ਹੀ ਗੀਤਾ ਇਕ ਪਿੰਜਰੇ ਦੇ ਪੰਛੀ ਵਾਂਗ ਨਿਤ ਦੀ ਪਸ਼ੂਮਾਰ ਸਹਿੰਦੀ ਰਹੀ। ਜਿਉਂ ਜਿਉਂ ਰਾਤ ਨੇੜੇ ਆਉਣ ਲਗਦੀ ਉਹ ਮਾਰ ਖਾਣ ਲਈ ਆਪਣੇ ਆਪ ਨੂੰ ਤਿਆਰ ਕਰਨ ਲਗਦੀ ਤੇ ਇਸ ਤਰਾਂ ਦਿਨ ਭਰ ਤੋਂ ਸੱਸ ਨੂੰਹ ਦੀ ਧੂੰਏ


# Westminster Chevrolet - Oldsmobile

1983 ਦੇ GM ਦੇ ਗਰੈਂਡ ਸੇਲਜ਼ ਮਾਸਟਰ!

● ਚੰਗੀ ਕਾਰ ● ਵਧੀਆ ਡੀਲ ● ਤਜਰਬੇਕਾਰ ਸੇਲਜ਼

ਕਾਰ, ਵੈਨ ਜਾਂ ਟਰੱਕ ਖ੍ਰੀਦਣ ਤੋਂ ਪਹਿਲਾਂ ਆਪਣੇ ਪਿਆਰੇ ਸੇਲਜ਼ਮੈਨ ਕਨਸਲਟੈਂਟ

ਗੁਰਜੀਤ ਸਿੰਘ ਢੀਂਡਸਾ ਨੂੰ ਮਿਲੋ

Bus. 521-7731 Pager 687-1985 #553



ਗੁਰਜੀਤ ਬਾਵਾ ਢੀਂਡਸਾ

Gurjit (Bawa) Dhindsa

12th. Street at Queens Ave., New Westminster, B.C.



ਵਾਂਗ ਧੁਖਦੀ ਕੋਈ ਗਲ ਅੰਤ ਲੜਾਈ ਦਾ ਰੂਪ ਧਾਰਨ ਕਰ ਜਾਂਦੀ ਤਾਅਨੇ, ਮਿਹਣੇ ਤੇ ਗਾਲਾਂ। ਕਈ ਵਾਰ ਗੀਤਾ ਨੂੰ ਜਖਮੀ ਕਰ ਦਿਤਾ ਜਾਂਦਾ। ਸਿਸਕਦੀ ਗੀਤਾ ਨੀਂਦ ਦੀ ਝੋਲੀ ਵਿਚ ਚਲੀ ਜਾਂਦੀ।

ਇਹ ਸਭ ਲਗਾਤਾਰ ਚਲਦਾ ਰਿਹਾ। ਗੀਤਾ ਦਾ ਭਰਾ ਤੇ ਬਾਪ ਆਉਂਦੇ ਤਾਂ ਉਹ ਕਦੇ ਕੁਝ ਵੀ ਉਹਨਾਂ ਨੂੰ ਨਾਂ ਦਸਦੀ ਉਸਨੇ ਆਪਣੇ ਪਿਤਾ ਕੋਲੋਂ ਭੁਖੇ ਲੋਕਾਂ ਲਈ ਕੁਝ ਵੀ ਨਾਂ ਲਿਆਉਣ ਦਾ ਪੱਕਾ ਫੈਸਲਾ ਕੀਤਾ ਹੋਇਆ ਸੀ।

ਗੀਤਾ ਤੇ ਨਰੇਸ਼ ਆਪਣੀਆਂ ਬਾਵਾਂ 'ਤੇ ਬੇਹੱਦ ਦੁਖੀ ਹੋ ਚੁਕੇ ਸਨ। ਉਹਨਾਂ ਦੀ ਆਜਾਦੀ ਨਾਲ ਹੱਸਣ, ਖੇਡਣ ਅਤੇ ਪਿਆਰ ਦਾ ਸਮਾਂ ਔੜ ਦੇ ਦਿਨਾਂ ਵਾਂਗ ਵਿਅਰਥ ਜਾ ਰਿਹਾ ਸੀ।

ਤੇ ਜਿਵੇਂ ਜਿਵੇਂ ਸਮਾਂ ਲੰਘਦਾ ਗਿਆ—ਗੀਤਾ ਤੇ ਘਰ ਵਾਲਿਆਂ ਦਾ ਅਤਿਆਚਾਰ ਵੀ ਵਧਦਾ ਗਿਆ। ਹੁਣ ਆਮ ਕਰਕੇ ਨਰੇਸ਼ ਛੁਟੀ ਵਾਲੇ ਦਿਨ ਵੀ ਘਰ ਨਾ ਆਉਦਾ।

ਇਸ ਵਾਰ ਉਸ ਨੂੰ ਘਰ ਗਿਆ ਤਿੰਨ ਹਫਤੇ ਹੋ ਚੁਕੇ ਸਨ। ਇਕ ਦਿਨ ਜਦੋਂ ਉਹ ਆਪਣੇ ਕਮਰੇ ਵਿਚ ਉਦਾਸ ਪਿਆ ਕੁਝ ਸੋਚ ਰਿਹਾ ਸੀ ਤਾਂ ਬਾਹਰੋਂ ਬੂਹਾ ਖੜਕਣ ਦੀ ਆਵਾਜ਼ ਆਈ। ਉਹ ਬਾਹਰ ਗਿਆ ਸਿਸਕੀਆਂ ਭਰਦੀ ਗੀਤਾ ਨਰੇਸ਼ ਨੂੰ ਚਿੰਬੜ ਗਈ ਸੀ। ਉਸਦਾ ਰੋਣਾ ਬੰਦ ਨਹੀਂ ਹੋ ਰਿਹਾ ਸੀ। ਉਸ ਨੂੰ ਰੋਂਦਿਆਂ ਵੇਖ ਨਰੇਸ਼ ਦੀਆਂ ਅੱਖਾਂ ਵਿਚੋਂ ਵੀ ਹੰਝੂ ਵਹਿ ਤੁਰੇ। ਉਹ ਦੋਵੇਂ ਕਿੰਨਾ ਸਮਾਂ ਰੋਂਦੇ ਰਹੇ। ਫਿਰ ਗੀਤਾ ਨੇ ਚੁੱਪ ਤੋੜੀ,'ਨਰੇਸ਼...ਮੈਂ...ਮੈਂ ਮਰਨ ਜਾ ਰਹੀ ਹਾਂ...।' ਤੇ ਇਸ ਤਰਾਂ ਗੀਤਾ ਨੂੰ ਸਾੜ ਦੇਣ ਦਾ ਰਾਮਦਿਆਲ ਤੇ ਬੰਸੀ ਦਾ ਗੁਪਤ ਭੇਦ ਗੀਤਾ ਨੇ ਨਰੇਸ਼ ਅਗੇ ਖੋਲ ਦਿਤਾ।

ਸੁਣਦਿਆਂ ਹੀ ਨਰੇਸ਼ ਦੀਆਂ ਅੱਖਾਂ ਚਕਰਾ ਗਈਆਂ। ਉਸਨੂੰ ਆਪਣਾ ਆਪ ਜਮੀਨ ਵਿਚ ਧਸਦਾ ਲਗਿਆ-ਉਸਦੀ ਰੂਹ ਕੰਬ ਕੇ ਰਹਿ ਗਈ-ਅਚੇਤ ਮਨ ਵਿਚ ਪਿਆ ਵਾਕਿਆ ਕਿਸੇ ਹੋਣੀ ਦਾ ਅਹਿਸਾਸ ਕਰਾਉਣ ਲਗਾ। ਇਕ ਪਲ ਉਸਨੇ ਆਪਣੇ ਆਪ ਨੂੰ ਬੇਗੁਨਾਹ ਹਥਕੜੀਆਂ ਵਿਚ ਬਝਿਆ ਵੇਖਿਆ-ਜਿਵੇਂ ਪੁਲਸ ਉਸ ਨੂੰ ਫੜ ਕੇ ਲਿਜਾ ਰਹੀ ਹੋਵੇ। ਤੇਜੀ ਨਾਲ ਰੋ ਰਹੀ ਗੀਤਾ ਨੂੰ ਵੇਖ ਕੇ ਉਹ ਤ੍ਰਭਕਿਆ ਚੇਤਨਾ ਤੇ ਬਲ ਪਾ ਕੇ ਆਪਣੇ ਆਪ ਨੂੰ ਸੰਭਾਲਿਆ। ਕਿੰਨੇ ਚਿਰ ਬਾਅਦ ਮਸੀਂ ਹੀ ਉਹ ਗੀਤਾ ਨੂੰ ਚੁਪ ਕਰਵਾ ਸਕਿਆ।

ਕਿੰਨਾ ਸਮਾਂ ਉਹ ਦੋਵੇਂ ਇਸ ਸੰਕਟ ਵਿਚੋਂ ਨਿਕਲਣ ਦਾ ਰਾਹ ਲਭਦੇ ਰਹੇ। ਕਦੇ ਉਹ ਲਾਲਚੀ ਮਾਂ-ਬਾਪਵਿਰੁਧ ਬਗਾਵਤ ਕਰਕੇ ਅਲਗ ਰਹਿਣ ਦੀ ਗਲ ਸੋਚਦੇ। ਆਖਿਰ ਉਹਨਾਂ ਨੇ ਫੈਸਲਾ ਕੀਤਾ ਕਿ ਅਜ ਰਾਤ ਗੁਆਂਢੀ ਦੋ ਦੋ ਚਾਰ ਮੋਹਤਬਰ ਬੰਦਿਆਂ ਨੂੰ ਨਾਲ ਲੈ ਕੇ ਘਰਦਿਆਂ ਨਾਲ ਕੋਈ ਪੱਕੀ ਗਲ ਕਰ ਲਈ ਜਾਵੇ। ਇਸ ਤਰਾਂ ਅਜ ਸ਼ਾਮ ਨੂੰ ਦਫਤਰ ਤੋਂ ਬਾਅਦ ਘਰ ਆ ਕੇ ਫੈਸਲਾ ਕਰਨ ਦੇ ਵਿਸ਼ਵਾਸ ਨਾਲ ਨਰੇਸ਼ ਨੇ ਗੀਤਾ ਨੂੰ ਘਰ ਭੇਜ ਦਿਤਾ।

ਘਰ ਪਹੁੰਚਦਿਆਂ ਹੀ ਗੀਤਾ ਨਾਲ ਬਦ ਸਲੂਕੀ ਦਾ ਸਿਲਸਿਲਾ ਫਿਰ ਸ਼ੁਰੂ ਹੋਇਆ। ਉਸਦੀ ਸੱਸ ਨੇ ਉਸਨੂੰ ਵਾਲਾ ਤੋਂ ਫੜ ਕੇ ਘੜੀਸਿਆਂ-ਬੇ ਰਹਿਮ, ਭੁੱਖੀ, ਸ਼ੀਹਣੀ ਵਰਗੀ ਸੱਸ ਨੇ ਬੇਦੋਸ਼ੀ ਗੀਤਾ ਤੇ ਅਨੇਕ ਦੋਸ਼ ਲਾਏ, 'ਕੰਜਰੀਏ...ਜਾ ਆਈ ਆਪਣੇ ਖਸਮਾਂ ਕੋਲ...ਔਤਰੀ, ਗਏ ਘਰ ਦੀ ਬਦਮਾਸ਼...ਕਿਥੇ ਸਾਡਾ ਘਰ ਘਰ ਨਰਕ ਬਣਾਇਆ ਐ...।'

ਨਰੇਸ਼ ਦੇ ਆ ਕੇ ਫੈਸਲਾ ਕਰਨ ਦੇ ਵਿਸ਼ਵਾਸ ਹਿਤ ਗੀਤਾ ਕੁਝ ਨਾ ਬੋਲੀ। ਉਹ ਸਭ ਚੁਪ ਚਾਪ ਸਹਿੰਦੀ ਰਹੀ।

ਰਾਤ ਹੋਣੀ ਸ਼ੁਰੂ ਹੋ ਗਈ ਸੀ। ਗੀਤਾ ਬੇ-ਸਬਰੀ ਨਾਲ ਨਰੇਸ਼ ਦੀ ਉਡੀਕ ਕਰਨ ਲਗੀ। ਦਿਨ ਭਰ ਦੀ ਘਬਰਾਹਟ ਤੇ ਸੱਸ ਦੀਆਂ ਗਾਲ੍ਹਾਂ ਨਾਲ ਉਸ ਦਾ ਦਿਲ ਘਟਣ ਲਗ ਪਿਆ ਸੀ। ਹਨੇਰਾ ਪਸਰਦਾ ਜਾ ਰਿਹਾ ਸੀ ਪਰ ਨਰੇਸ਼ ਹਾਲੇ ਨਹੀਂ ਆਇਆ ਸੀ। ਅਚਾਨਕ ਹੀ ਪੌੜੀਆਂ ਵਿਚੋਂ ਕਿਸੇ ਦੇ ਉਪਰ ਆਉਣ ਦੀ ਆਵਾਜ਼ ਆਈ। ਉਸਨੇ ਸੋਚਿਆ-ਸ਼ਾਇਦ ਨਰੇਸ਼ ਹੋਵੇ। ਪਰ ਨਹੀਂ ਉਸਦਾ ਸਹੁਰਾ ਰਾਮਦਿਆਲ ਅਤੇ ਇਕ ਹੋਰ ਵਿਅਕਤੀ ਉਪਰ ਘੁਸ ਆਏ ਸਨ।

ਗੀਤ ਘਬਰਾ ਗਈ ਸੀ ਤੇ ਸਹਿਮੀ ਹੋਈ ਚੁਬਾਰੇ ਦੀ ਇਕ ਨੁੱਕਰ ਵਲ ਵਧਣ ਲਗੀ ਪਰ ਉਸ ਦੇ ਦੂਰ ਹੋਣ ਤੋਂ ਰਾਮਦਿਆਲ ਨੇ ਤੇਲ ਦੀ ਭਰੀ ਕੈਨੀ ਗੀਤਾ ਉਪਰ ਫੈਲਾ ਦਿਤੀ। ਅਗਲੇ ਪਲ ਉਹ ਭਿਆਨਕ ਅੱਗ ਨਾਲ ਸੜਨ ਲਗੀ। 'ਬਚਾਓ...ਬਚਾਓ'...ਰੋਣ ਚੀਕਣ ਦੀਆਂ ਆਵਾਜ਼ਾਂ ਨਾਲ ਚੁਬਾਰਾ ਗੂੰਜ ਉਠਿਆ। ਗੁਆਂਢੀ ਇਕਠੇ ਹੋ ਗਏ। ਫੜੋਫੜੀ ਦੇ ਰੌਲੇ ਰੱਪੇ ਨਾਲ ਘਰ ਦੇ ਮੈਂਬਰ ਘਬਰਾ ਗਏ। ਅਧ ਜਲੀ ਗੀਤਾਂ ਨੂੰ ਅੱਗ ਤੋਂ ਸੁਰਖਿਅਤ ਕਰ ਦਿਤਾ ਗਿਆ ਸੀ।

'ਨਰੇਸ਼...ਮੈਨੂੰ ਬਚਾਉ...ਨਰੇਸ਼' ਦੂਜੇ ਪਲ ਦੂਰੋਂ ਹੀ ਨਰੇਸ਼ ਨੇ ਜ਼ਖਮੀ ਗੀਤਾ ਦੀ ਆਵਾਜ਼ ਨੂੰ ਪਛਾਣ ਲਿਆ। ਉਸ ਦਾ ਮਨ ਕੁਰਲਾ ਉਠਿਆ। ਦਰਾਂ ਮੂਹਰੇ ਇਕਠੀ ਹੋਈ ਭੀੜ ਨੂੰ ਚੀਰਦਾ ਉਹ ਸਿੱਧਾ ਚੁਬਾਰੇ ਵਲ ਦੌੜਿਆ। ਜਾਂਦਿਆਂ ਹੀ ਉਹ ਬੁਰੀ ਤਰਾਂ ਗੀਤਾ ਨੂੰ ਚਿੰਬੜ ਗਿਆ, 'ਗੀਤਾ...ਮੈਨੂੰ ਮੁਆਫ ਕਰ...ਗੀਤਾ...।'

ਗੀਤਾ ਦਰਦ ਨਾਲ ਕੁਰਲਾ ਰਹੀ ਸੀ। ਨਰੇਸ਼ ਨੇ ਉਸ ਨੂੰ ਸੰਭਾਲਿਆ। ਚਾਰ ਚੁਫੇਰੇ ਤਕਿਆ...ਸਾਊ ਬਣੀ ਖੜੀ ਮਾਂ ਨੂੰ ਵੇਖ ਉਹ ਅਗ ਬਗੋਲਾ ਹੋ ਉਠਿਆ—ਲਹੂ ਉਸਦੀਆਂ ਅੱਖਾਂ ਵਿਚੋਂ ਸਿਮਣ ਲਗਾ। 'ਤਾਅੜ' ਕਰਦੀ ਚੁਪੇੜ ਉਸਨੇ ਮਾਂ ਦੇ ਮੂੰਹ 'ਤੇ ਕੱਢ ਮਾਰੀ। ਨਰੇਸ਼ ਨੂੰ ਫੜ ਕੇ ਦੂਰ ਕਰ ਦਿਤਾ ਗਿਆ ਪਰ ਉਹ ਲਗਾਤਾਰ ਹੀ ਬੋਲਦਾ ਗਿਆ, 'ਡੈਣੇ...ਤੂੰ ਲਾਲਚ ਨਾਲ ਆਪਣੇ ਪੁੱਤਰ ਨੂੰ ਤੋਲਣ ਲਗੀ ਐਂ...ਮਾਂ ਨਹੀਂ ਤੂੰ ਪਾਪਣ ਐਂ...ਬਘਿਆੜੀ...।' ਫਿਰ ਉਹ ਆਪਣੇ ਪਿਉ ਵਲ ਵਧਿਆ। ਭਰੇ ਪੀਤੇ ਕੁਰਲਾਉਂਦੇ ਨਰੇਸ਼ ਨੇ ਉਸਨੂੰ ਫੜਨਾ ਚਾਹਿਆ—ਪਰ ਉਸ ਨੂੰ ਇਹ ਕੁਝ ਨਾਂ ਕਰਨ ਦਿਤਾ ਗਿਆ। ਜਾਗ ਚੁਕੀ ਉਸ ਦੀ ਜ਼ਮੀਰ ਨੇ ਉਸ ਨੂੰ ਧੁਰ ਅੰਦਰੋਂ ਕੰਬਾ ਦਿਤਾ। ਗੁਸੇ ਨਾਲ ਕੰਬਦਾ ਉਹ ਬੋਲ ਰਿਹਾ ਸੀ, 'ਦਾਜ ਦੇ ਲਾਲਚੀ ਜਾਲਮੋ...ਬਹੂ ਬੇਟੀਆਂ ਦੀ ਜਿੰਦਗੀ ਨਾਲ ਖੇਡਣਾ ਬੰਦ ਕਰੋ...ਹੁਣ ਮੈਂ ਹੋਰ ਨਹੀਂ ਵੇਖ ਸਕਦਾ...ਹੁਣ ਤੁਸੀਂ ਦਾਜ ਬਦਲੇ ਗੀਤਾ ਨੂੰ ਤੰਗ ਨਹੀਂ ਕਰੋਗੇ... ਪਾਪੀਉ...ਆਪਣੀ ਜ਼ਮੀਰ ਪਹਿਚਾਣੋ... ਲੱਖ ਲਾਹਨਤ ਹੈ ਤੁਹਾਨੂੰ...'

ਬਾਕੀ ਸਫ਼ਾ 8 ਉਤੇ

PAUL'S
PLUMBING, ELECTRICAL
& HEATING SUPPLY

4774 MAIN ST. AT 32ND Vancouver
PH. 872-3118 , 872-7227
OPEN SUNDAYS

Plumbing & Bathroom
Fixtures & Supplies
Hot Water Tanks
Hot Water Heating
& Supplies
And Instalations

ਕੇਰਲਾ ਵਿਚ ਪੰਜਾਬ ਦਿਵਸ :

# ਪੰਜਾਬ ਦੇ ਲੋਕਾਂ ਨਾਲ ਕੇਰਲਾ ਦੇ ਲੋਕਾਂ ਦੀ ਇਕਮੁਠਤਾ

ਅੱਠ ਅਕਤੂਬਰ ਨੂੰ ਕੇਰਲਾ ਵਿਚ ਪੰਜਾਬ ਦਿਵਸ ਵਜੋਂ ਮਨਾਇਆ ਗਿਆ। ਕਸਬਿਆ ਅਤੇ ਸ਼ਹਿਰਾਂ ਦੇ ਗਲੀਆਂ ਬਾਜ਼ਾਰਾਂ, ਚੌਰਾਸਤਿਆਂ ਅਤੇ ਪਾਰਕਾਂ ਵਿਚ ਤੇ ਪਿੰਡਾਂ ਨੂੰ ਜਾਂਦੀਆਂ ਪਗਡੰਡੀਆਂ ਅਤੇ ਪਹਾੜੀ ਤੇ ਪਥਰੀਲੇ ਰਸਤਿਆਂ ਤੇ ਕਾਮਰੇਡ ਨੱਚਦੇ ਟੱਪਦੇ ਪੰਜਾਬ ਦੇ ਦੇਸ਼ ਭਗਤ ਲੋਕਾਂ ਦੇ ਬਹਾਦਰਾਨਾ ਸੰਘਰਸ਼ ਬਾਰੇ ਗੀਤ ਗਾ ਰਹੇ ਸਨ ਜਿਹੜੇ ਕਿ ਦੇਸ਼ ਦੀ ਸੁਤੰਤਰਤਾ, ਏਕਤਾ ਅਤੇ ਸੁਰਖਿਅਤਾ ਦੀ ਰਾਖੀ ਕਰਨ ਲਈ ਵਖਵਾਦੀ, ਰੂੜੀਵਾਦੀ ਅਤੇ ਦਹਿਸ਼ਤਗਰਦ ਤਾਕਤਾਂ ਵਿਰੁੱਧ ਡੱਟ ਕੇ ਸੰਘਰਸ਼ ਕਰ ਰਹੇ ਹਨ।

ਉਹਨਾਂ ਜਿਹਨਾਂ 15 ਅਗਸਤ ਨੂੰ 700 ਕਿਲੋਮੀਟਰ ਲੰਬੀ ਕੇਰਲਾ ਮਨੁੱਖੀ ਲੜੀ ਵਿਚ ਰਾਸ਼ਟਰੀ ਅਖੰਡਤਾ ਦੇ ਚਿੰਨ੍ਹ ਵਜੋਂ ਹਿਸਾ ਲਿਆ, ਲੱਖਾਂ ਦੀ ਗਿਣਤੀ ਵਿਚ ਮੋਢੇ ਨਾਲ ਮੋਢਾ ਡਾਹ ਕੇ ਇਸ 'ਚ ਹਿਸਾ ਲਿਆ ਅਤੇ ਆਪਣੇ ਆਪ ਨੂੰ ਰਾਸ਼ਟਰੀ ਏਕਤਾ ਦੇ ਕਾਰਜ ਲਈ ਸਮਰਪ੍ਰਤ ਕਰਨ ਦੀ ਸਹੁੰ ਚੁਕੀ, ਉਹੀ ਲੋਕ ਹੁਣ ਸੂਬੇ ਭਰ ਵਿਚ ਖਿਲਰ ਗਏ ਤਾਂ ਜੋ ਪੰਜਾਬ ਦੀ ਲੜਾਈ ਲਈ ਲੋਕਾਂ ਦੀ ਹਿਮਾਇਤ ਲਾਮਬੰਦ ਕਰ ਸਕਣ। ਘਰਾਂ, ਦਫਤਰਾਂ, ਫੈਕਟਰੀਆਂ, ਖੇਤਾਂ ਅਤੇ ਦੂਸਰੀਆਂ ਕੰਮ ਵਾਲੀਆਂ ਥਾਵਾਂ ਤੇ ਉਹ ਲੋਕਾਂ ਨੂੰ ਮਿਲੇ—ਅਤੇ ਹਰ ਪਾਸੇ ਭਾਰੀ ਜੋਸ਼ ਤੇ ਉਤਸ਼ਾਹ ਨੇ ਉਹਨਾਂ ਦਾ ਸੁਆਗਤ ਕੀਤਾ। ਇੰਜ ਜਾਪਦਾ ਸੀ ਕਿ ਲੋਕ ਸਾਰੇ ਮਤਭੇਦਾਂ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਦੂਸਰੇ ਮਤਭੇਦਾਂ ਨੂੰ ਭੁੱਲ ਗਏ ਅਤੇ ਉਹਨਾਂ ਦੇ ਮਨਾਂ ਵਿਚ ਸਿਰਫ ਇਕ ਗਲ ਯਾਦ ਰਹੀ ਕਿ ਪੰਜਾਬ ਦੇਸ਼ ਦਾ ਅਟੁੱਟ ਅੰਗ ਹੈ। ਇਸ ਤਰਾਂ ਅੱਠ ਅਕਤੂਬਰ ਨੂੰ ਕੇਰਲਾ ਵਿਚ ਪੰਜਾਬ ਦਿਵਸ ਮਨਾਇਆ ਗਿਆ।

ਸੀ. ਪੀ. ਆਈ. (ਐਮ) ਦੇ ਸਕੱਤਰੇਤ ਨੇ ਲੋਕਾਂ ਨੂੰ ਅਪੀਲ ਕੀਤੀ ਜਿਸ ਵਿਚ ਇਸ ਨੇ ਕਿਹਾ, 'ਸਾਡੀ ਪਾਰਟੀ ਦੀ ਪੰਜਾਬ ਇਕਾਈ ਇਕ ਬਹੁਤ ਹੀ ਮੁਸ਼ਕਲ ਸਥਿਤੀ ਵਿਚ ਕੰਮ ਕਰ ਰਹੀ ਹੈ। ਸਿਖ ਵਖਵਾਦੀ ਤਾਕਤਾਂ ਜਿਹਨਾਂ ਨੂੰ ਕਿ ਬਦੇਸ਼ੀ ਤਾਕਤਾਂ ਦੀ ਸ਼ਹਿ ਪਰਾਪਤ ਹੈ, ਉਹਨਾਂ ਦਾ ਮੁਖ ਨਿਸ਼ਾਨਾਂ ਸਾਡੀ ਪਾਰਟੀ ਹੈ ਜਿਸ ਨੂੰ ਉਹ ਆਪਣਾ ਬਹੁਤ ਵੱਡਾ ਅਤੇ ਮੋਹਰੀ ਦੁਸ਼ਮਣ ਸਮਝਦੀਆਂ ਹਨ। ਸਾਮਰਾਜੀ ਸ਼ਹਿ ਪਰਾਪਤ ਇਹਨਾਂ ਦਹਿਸ਼ਤਗਰਦਾਂ ਨੇ ਸਾਡੇ ਬਹੁਤ ਸਾਰੇ ਸੂਬਾਈ ਹਨ। ਜਿਲਾ ਅਤੇ ਸਥਾਨੀ ਪੱਧਰ ਦੇ ਲੀਡਰ ਸ਼ਹੀਦ ਕਰ ਦਿਤੇ ਹਨ।

'ਪੰਜਾਬ ਦੇ ਸਾਡੇ ਬਹਾਦਰ ਕਾਮਰੇਡ ਦੇਸ਼ ਨੂੰ ਦਰਪੇਸ਼ ਫੁਟਪਾਊ ਅਤੇ ਗਦਾਰੀ ਭਰੀ ਚੁਣੌਤੀ ਦਾ ਬਹੁਤ ਜਿਆਦਾ ਬਹਾਦਰੀ ਤੇ ਇਕਮੁਠਤਾ ਨਾਲ ਮੁਕਾਬਲਾ ਕਰ ਰਹੇ ਹਨ। ਇਹਨਾਂ ਬਹਾਦਰ ਕਾਮਰੇਡਾਂ ਨੂੰ ਸਮੁਚੇ ਰਾਸ਼ਟਰ ਦੀ ਹਿਮਾਇਤ ਪਰਾਪਤ ਹੋਣੀ ਚਾਹੀਦੀ ਹੈ। ਸਾਡੀ ਪਾਰਟੀ ਨੇ ਪੰਜਾਬ ਦੇ ਕਾਮਰੇਡਾਂ ਦੀ ਸਹਾਇਤਾ ਕਰਨ ਲਈ ਫੰਡ ਇਕੱਤਰ ਕਰਨ ਦਾ ਦ੍ਰਿੜ ਵਿਚਾਰ ਬਣਾਇਆ ਹੈ। ਪਾਰਟੀ ਮੈਂਬਰਾਂ ਅਤੇ ਹਮਦਰਦਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਟੋਲੀਆਂ ਬਣਾ ਕੇ ਫੰਡ ਬੁੱਕਾਂ ਲੈ ਕੇ ਘਰ ਘਰ ਜਾਣ ਤੇ ਫੰਡ ਇਕੱਤਰ ਕਰਨ। ਇਹ ਸਾਰੀ ਮੁਹਿੰਮ ਇਕ ਹੀ ਦਿਨ 8 ਅਕਤੂਬਰ ਨੂੰ ਸਮਾਪਤ ਹੋਣੀ ਚਾਹੀਦੀ ਹੈ।

ਇਸ ਸੱਦੇ ਨੂੰ ਦਿਤਾ ਗਿਆ ਹੁੰਗਾਰਾ ਬਹੁਤ ਜਿਆਦਾ ਅਸਧਾਰਨ, ਸ਼ਾਨਦਾਰ ਤੇ ਸਨਸਨੀਖੇਜ ਸੀ। ਦਸਾਂ ਦਸਾਂ ਤੇ ਪੰਦਰਾਂ ਪੰਦਰਾਂ ਦੀਆਂ ਟੋਲੀਆਂ ਵਿਚ ਹਜਾਰਾਂ ਦੀ ਗਿਣਤੀ ਵਿਚ ਪਾਰਟੀ ਵਰਕਰ ਸਵੇਰੇ ਸਵੱਖਤੇ ਹੀ ਘਰਾਂ ਵਿਚੋਂ ਬਾਹਰ ਆ ਗਏ। ਇਹਨਾਂ ਟੋਲੀਆਂ ਦੀ ਅਗਵਾਈ ਸੂਬਾ ਕਮੇਟੀ ਮੈਂਬਰਾਂ ਤੋਂ ਲੈ ਕੇ ਸਥਾਨੀ ਬਰਾਂਚਾਂ ਤਕ ਦੇ ਲੀਡਰਾਂ ਨੇ ਨੇ ਕੀਤੀ। ਇਸ ਪ੍ਰਤੀ ਲੋਕਾਂ ਦਾ ਜੋਸ਼ ਅਥਾਹ ਸੀ ਅਤੇ ਸ਼ਾਮ ਤਕ ਸਿਰਫ ਭਾਰੀ ਫੰਡ ਹੀ ਇਕੱਤਰ ਨਹੀਂ ਹੋ ਗਿਆ ਸਗੋਂ ਸਮੁੱਚਾ ਸੂਬਾ ਪੰਜਾਬ ਦੇ ਕਾਰਜ ਲਈ ਜਾਗਰੂਕ ਹੋ ਗਿਆ।

## ਜਨਤਕ ਸੰਪਰਕ

ਜਦੋਂ ਕਿ ਪਿੰਡਾਂ ਵਿਚ ਟੋਲੀਆਂ ਨੇ ਘਰ ਘਰ ਜਾ ਕੇ ਮੁਹਿੰਮ ਚਲਾਈ, ਕਸਬਿਆਂ ਅਤੇ ਸ਼ਹਿਰਾਂ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਪਾਰਟੀ ਵਰਕਰ ਜਥਿਆਂ ਦੇ ਰੂਪ ਵਿਚ ਘੁੰਮੇ ਅਤੇ ਉਹਨਾਂ ਦੁਕਾਨਦਾਰਾਂ ਤੇ ਉਹਨਾਂ ਦੇ ਗ੍ਰਾਹਕਾਂ ਤੋਂ ਉਗਰਾਹੀ ਕੀਤੀ। ਬਸ ਅੱਡਿਆਂ ਅਤੇ ਰੇਲਵੇ ਸਟੇਸ਼ਨਾਂ ਤੇ ਲਗੀਆਂ ਮੁਸਾਫਰਾਂ ਦੀਆਂ ਭੀੜਾਂ ਤੋਂ ਫੰਡ ਲਏ ਗਏ ਅਤੇ ਉਹਨਾਂ ਹਸ ਕੇ ਫੰਡ ਦਿਤੇ। ਰਸਤੇ ਵਿਚ ਜਿਸ ਵੀ ਕਿਸੇ ਨੂੰ ਉਹ ਮਿਲੇ ਉਸ ਕੋਲੋਂ ਪੰਜਾਬ ਲਈ ਫੰਡ ਲਿਆ ਗਿਆ। ਇਰਨਾ ਕਲਮ ਵਿਚ ਅਜਿਹੇ ਦੋ ਜਥੇ

ਜਗਦੀਸ਼ ਸਿੰਘ ਬੀ. ਏ. ਐਲ. ਐਲ. ਬੀ. (ਪੰ: ਯੂ:)

ਨੋਟਰੀ ਪਬਲਿਕ

* ਘਰ ਜਾਂ ਜ਼ਮੀਨ ਖਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ ਲਈ ਜਾਂ ਕੈਂਸਲ ਕਰਨਾ ਆਦਿ ਦੇ ਕਾਗਜ਼ਾਤ ਤਿਆਰ ਕਰਨਾ ਤੇ ਰਜਿਸਟਰੀ ਕਰਵਾਉਣ
* ਡੈਕਲਾਰੇਸ਼ਨ, ਰਾਹਦਾਰੀ, ਐਗਰੀਮੈਂਟਸ, ਨਾਂ ਦੀ ਤਬਦੀਲੀ ਟਰਾਂਸਲੇਸ਼ਨ ਆਦਿ।

Ph.& 324-6727 Office
324-4160 (Res.)

(ਦਫਤਰ ਸ਼ਨਿਚਰਵਾਰ ਵੀ ਖੁੱਲ੍ਹਦਾ ਹੈ



ਜਗਦੀਸ਼ ਸਿੰਘ [ B.A., L.L.B (Pb. Uni.)]
(ਸਾਬਕਾ ਐਡਵੋਕੇਟ ਪੰਜਾਬ. ਹਾਈ ਕੋਰਟ)

ਇਮੀਗਰੇਸ਼ਨ ਸਲਾਹਕਾਰ

* ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ
* Adoption - ਭਾਰਤ ਤੋਂ ਬੱਚੇ ਗੋਦ ਲੈਣਾ ਤੇ ਉਹਨਾਂ ਦੀ ਇਮੀਗਰੇਸ਼ਨ
* ਇਮੀਗਰੇਸ਼ਨ ਦੇ ਆਮ ਮਸਲੇ
* ਭਾਰਤੀ ਕਾਨੂੰਨਾਂ ਬਾਰੇ ਸਲਾਹ

*ਵਰਕਜ਼ ਕੰਪਨਸੇਸ਼ਨ ਕੇਸਾਂ ਬਾਰੇ

ਦਫਤਰ ਦਾ ਐਡਰੇਸ
Suite 201-2001 E. 36 Ave.)
(At Victoria De.)
Vancouver, B.C. V5P 1C9.
ਸਮਾਂ-9 a.m. -5 p.m.

ਚਲੋ ਜਦੋਂ ਕਿ ਇਕ ਜਥਾ ਦੇਸ ਅਭਿਮਾਨੀ (ਪਾਰਟੀ ਅਖਬਾਰ) ਅਤੇ ਉਵਰ ਬ੍ਰਿਜ ਵਿਚਕਾਰ ਦੇ ਰਸਤੇ ਤੇ ਘੁੰਮਦਾ ਹੋਇਆ ਫੰਡ ਇਕੱਤਰ ਕਰਦਾ ਰਿਹਾ, ਦੂਸਰਾ ਜਥਾ ਸਵੇਰੇ ਤੜਕੇ ਤੋਂ ਸ਼ਾਮ ਤਕ ਸ਼ਹਿਰ ਦੇ ਚੱਕਰ ਕੱਟਦਾ ਰਿਹਾ।

ਤ੍ਰਿਵੇਂਦਰਮ ਜਿਲੇ ਵਿਚ ਹਰੇਕ ਪਾਰਟੀ ਬਰਾਂਚ ਨੇ ਮੁਹਿੰਮ ਸੁਕੇਡ ਵਜੋਂ ਕੰਮ ਕੀਤਾ। ਸ਼ਹਿਰ ਵਿਚ ਦੋ ਵੱਡੇ ਸੁਕੇਡ ਪੰਜਾਬ ਲਈ ਧਨ ਇਕੱਤਰ ਕਰਦੇ ਰਹੇ। ਰਹੇ ਇਸ ਫੰਡ ਇਕੱਤਰਕਰਨ ਦੀ ਮੁਹਿੰਮ ਨੂੰ ਮਿਲੇ ਹੁੰਗਾਰੇ ਦਾ ਅਨੁਮਾਨ ਇਸ ਤੱਥ ਤੋਂ ਲਗਾਇਆਜਾ ਸਕਦਾ ਹੈ ਕਿ ਇਹਨਾਂ ਵਿਚੋਂ ਇਕ ਟੋਲੀ ਨੇ ਸਿਰਫ ਤਿੰਨ ਘੰਟਿਆਂ ਵਿਚ ਹੀ 6013 ਰੁਪਏ ਇਕੱਤਰ ਕਰ ਲਏ।

ਅਲੈਪੇ ਵਿਚ ਇਕ ਸੁਕੇਡ ਨੇ ਦੋ ਘੰਟਿਆਂ ਤੋਂ ਘਟ ਸਮੇਂ ਵਿਚ ਵੀ 1400 ਰੁਪਏ ਇਕੱਤਰ ਕਰ ਲਏ। ਲੋਕ ਸਿਰਫ ਪੈਸੇ ਹੀ ਨਹੀਂ ਦੇ ਰਹੇ ਸਨ ਸਗੋਂ ਆਪਣੇ ਆਪਨੂੰ ਇਸ ਮਹਾਨ ਕਾਰਜ ਲਈ ਮਾਨਸਿਕ ਤੌਰ ਤੇ ਵੀ ਅਰਪਤ ਕਰ ਰਹੇ ਸਨ। ਹਰ ਕੋਈ ਪੰਜਾਬ ਬਾਰੇ ਸੋਚਦਾ ਸੀ, ਬਹਾਦਰ ਪੰਜਾਬੀ ਕਾਮਰੇਡਾਂ ਨਾਲ ਏਕਤਾ ਮਹਿਸੂਸ ਕਰਦਾ ਸੀ ਅਤੇ ਆਪਣੇ ਦਾਨ ਰਾਹੀਂ ਮਹਿਸੂਸ ਕਰਦਾ ਸੀ ਜਿਵੇਂ ਉਹ ਵਖਵਾਦੀ ਦਹਿਸ਼ਤਗਰਦਾਂ ਵਿਰੁਧ ਰਾਸ਼ਟਰੀ ਏਕਤਾ ਲਈ ਸੰਘਰਸ਼ ਵਿਚ ਹਿਸਾ ਲੈ ਰਿਹਾ ਹੋਵੇ। ਕਨਾਨੋਰ ਜਿਲੇ ਵਿਚ ਇਸ ਕਾਰਜ ਲਈ ਜੋਸ਼ ਤੇ ਉਤਸ਼ਾਹ ਆਪਣੀਆਂ ਬੁਲੰਦੀਆਂ ਤੇ ਸੀ।

## ਸਾਰੇ ਟੀਚੇ ਮੁਕੰਮਲ ਕਰ ਲਏ

ਸਮੁਚੇ ਸੂਬੇ ਲਈ ਮਿਥਿਆ ਗਿਆ ਟੀਚਾ ਦੋ ਲਖ ਰੁਪਏ ਸੀ। ਹਰੇਕ ਜਿਲੇ ਵਿਚ ਅਨੁਮਾਨਤ ਸੰਭਾਵਨਾਵਾਂ ਅਨੁਸਾਰ ਜਿਲਾ ਕਮੇਟੀਆਂ ਸਿਰ ਕੋਟਾ ਮਿਥਿਆ ਗਿਆ। ਇਹ ਕੋਟੇ ਦੀ ਰਕਮ ਦਸ ਹਜਾਰ ਅਤੇ ਪੰਦਰਾਂ ਹਜਾਰ ਰੁਪਏ ਦੇ ਦਰਮਿਆਨ ਮਿਥੀ ਗਈ। ਪਰ ਬਹੁਤ ਸਾਰੀਆਂ ਜਿਲਾ ਕਮੇਟੀਆਂ ਨੇ ਆਪਣੇ ਮਿਥੇ ਕੋਟੇ ਨਾਲੋਂ ਦੁਗਣੀ ਜਾਂ ਤਿਗਣੀ ਰਕਮ ਇਕੱਤਰ ਕਰਕੇ ਇਸ ਫੰਡ ਵਿਚ ਦਿਤੀ। ਸਥਾਨੀ ਰਕਮ ਅਤੇ ਕਮੇਟੀ ਪੱਧਰ ਤੇ ਵੀ ਇਹੀ ਕਿਰਿਆ ਸੀ। ਹਰੇਕ ਸਥਾਨੀ ਕਮੇਟੀ ਲਈ 200-500 ਰੁਪਏ ਦਾ ਕੋਟਾ ਮਿਥਿਆ ਗਿਆ ਸੀ। ਪਰ ਜਦੋਂ ਕਾਮਰੇਡ ਖੇਤਰ ਵਿਚ ਯੋਜਨਾ ਪੂਰਤੀ ਲਈ ਗਏ ਤਾਂ ਉਹਨਾਂ ਨੂੰ ਆਸ ਨਾਲੋਂ ਕਿਤੇ ਵਧ ਹੁੰਗਾਰਾ ਮਿਲਿਆ।

ਸਾਰੇ ਹਲਕਿਆਂ ਅਤੇ ਹਰ ਪ੍ਰਕਾਰ ਦੀ ਲੋਕ ਰਾਏ ਅਤੇ ਰਾਜਨੀਤਕ ਵਿਚਾਰਾਂ ਵਾਲੇ ਲੋਕਾਂ ਨੇ ਖੁਲ ਦਿਲੀ ਨਾਲ ਫੰਡ ਦਿਤੇ। ਇਸ ਦੇ ਸਿਟੇ ਵਜੋਂ ਪੰਜਾਬ ਦੀ ਸਹਾਇਤਾ ਲਈ ਕੇਰਲਾ ਫੰਡ ਸੂਬਾ ਕਮੇਟੀ ਵਲੋਂ ਮਿਥੇ ਗਏ ਟੀਚੇ ਨਾਲੋਂ ਤਿੰਨ ਗੁਣਾ ਵਧ ਹੋ ਗਿਆ। ਇਕੱਲੇ ਕਨਾਨੋਰ ਜਿਲੇ ਵਿਚੋਂ ਪੰਜਾਬ ਦੇ ਕਾਮਰੇਡਾਂ ਨੇ 22,865 ਰੁਪਏ ਇਕੱਤਰ ਕੀਤੇ। ਥਾਲਾਸੇਰੀ ਇਲਾਕੇ ਵਿਚੋਂ 36,806 ਰੁਪਏ ਇਕੱਤਰ ਕੀਤੇ ਗਏ।

ਸਮੁਚੀ ਪਾਰਟੀ ਜਿਹੜੀ ਕਿ ਰਾਸ਼ਟਰੀ ਸਥਿਤੀ ਅਤੇ ਵਿਸ਼ੇਸ਼ ਤੌਰ ਤੇ ਪੂਰੀ ਤਰਾਂ ਸੁਚੇਤ ਸੀ, ਨੇ ਪੂਰੀ ਏਕਤਾ ਨਾਲ ਕੰਮ ਕੀਤਾ ਅਤੇ ਕੇਰਲਾ 'ਚ ਪੰਜਾਬ ਦਿਵਸ ਦੇ ਮੌਕੇ ਤੇ ਪੰਜਾਬ ਫੰਡ ਆਸ ਨਾਲੋਂ ਕਿਤੇ ਜਿਆਦਾ ਵਧ ਇਕੱਤਰ ਕਰ ਲਿਆ ਗਿਆ। ਲੋਕਾਂ ਵਲੋਂ ਪੰਜਾਬ ਫੰਡ ਲਈ ਕਰੇ ਗਏ ਹੁੰਗਾਰੇ ਤੋਂ ਪਤਾ ਚਲਦਾ ਹੈ ਕਿ ਸੂਬੇ ਵਿਚ ਦਹਿਸ਼ਤਗਰਦਾਂ ਵਿਰੁਧ ਸੰਘਰਸ਼ ਕਰ ਰਹੇ ਸਾਡੇ ਬਹਾਦਰ ਕਾਮਰੇਡਾਂ ਪਿਛੇ ਲਾਮਬੰਦ ਹੋਣ ਦੇ ਪਾਰਟੀ ਵਲੋਂ ਦਿਤੇ ਗਏ ਸੱਦੇ ਦਾ ਲੋਕਾਂ ਨੇ ਭਰਵਾਂ ਹੁੰਗਾਰਾ ਭਰਿਆ ਹੈ।

ਜਿਲਾਵਾਰ ਇਕੱਤਰ ਕੀਤੇ ਗਏ ਫੰਡ :

| | | |
|---|---|---|
| ਕਨਾਨੋਰ | ਰੁਪਏ | 2,32,000 |
| ਏਰਨਾਕੁਲਮ | ,, | 68,340 |
| ਅਲੈਪੇ | ,, | 52,929 |
| ਕਾਲੀਕਟ | ,, | 40,000 |
| ਤ੍ਰਿਵੇਂਦਰਮ | ,, | 35,534 |
| ਤ੍ਰਿਚੂਰ | ,, | 25,000 |
| ਮਾਲਾਪੁਰਮ | ,, | 24,000 |
| ਕਾਸਰਗੋੜ | ,, | 22,197 |
| ਕੋਟਿਆਮ | ,, | 22,000 |
| ਵੀਨਾਡ | ,, | 21,990 |
| ਪਾਲਘਾਟ | ,, | 15,000 |
| ਕੁਇਲੋਨ | ,, | 12,641 |
| ਪਠਾਨਮ ਥੀਟਾ | ,, | 10,000 |

ਇਨਸਾਨੀਅਤ ਸਭਨਾਂ
ਧਰਮਾਂ ਤੋਂ ਉਪਰ ਹੈ
ਇਨਸਾਨ ਬਣੋ


**Goyal Travels Inc.**

4152 FRASER ST., VANCOUVER B.C. V5V 4E8 (604) 877-7777

IATA



ਵੈਨਕੂਵਰ ਦਫਤਰ ਦਾ
ਨਵਾਂ ਫੋਨ ਨੰਬਰ
(604) 877-7777

*WE ARE PLEASED TO ANNOUNCE THE OPENING OF OUR THREE NEW OFFICES*

**Goyal Travel & Tours Canada Inc.**

| CALGARY ਕੈਲਗਰੀ | ਐਡਮਿੰਟਨ EDMONTON | ਟਰਾਂਟੋ - TORONTO |
|---|---|---|
| UNIT 1-5320-8th. AVE., S.E. CALGARY, ALBERTA, T2A 4L7 | 9344-34th. AVE., STRATHCONA SQUARE, EDMONTON, ALTA. T6E 5X8 | SUITE 211, 593 YONGE ST. TORONTO, ONT. M4Y 1Z4 |
| PH. (403) 235-6808 | PH. (403) 462-2424 | PH. (416) 960-3666 |

TOLL FREE IN B.C., ALBERTA, SASKATECHEWAN AND MANITOBA 1-800-663-8638

# ਤਿੰਨ ਗੀਤ

—ਦਰਸ਼ਨ ਸਿੰਘ ਮਾਸਟਰ

## ( 1 )

ਚੱਕ ਘੁਮਾ ਦੇ ਚੱਕ
ਪਥੇਰੇ
ਚੱਕ ਘੁਮਾ ਦੇ ਚੱਕ

ਪੱਥ ਖਡੌਣਾ ਕੋਈ ਐਸਾ
ਜਾਂ ਸੂਰਜ ਜਾਂ ਚੰਦਾ ਜੈਸਾ
ਖਿਜਲੀ ਵਰਗਾ ਨੱਕ...

ਪੱਥ ਖਡੌਣਾ ਆਲਾ ਭੋਲਾ
ਹੁੰਦਾ ਜਿਵੇਂ ਕਬੂਤਰ ਗੋਲਾ
ਘੁੱਗੀ ਤੇ ਪਏ ਸ਼ੱਕ...

ਜੀਕਣ ਕੋਈ ਅਮਨ-ਪੁਜਾਰੀ
ਬੈਠਾ ਹੋਵੇ ਬੁੱਕਲ ਮਾਰੀ
ਨਿਸਚਾ ਕਰਕੇ ਪੱਕ...

ਲਿਆ ਮੈਂ ਤੇਰਾ ਚੱਕ ਘੁਮਾਵਾਂ
ਲੋਕ ਰਾਜ ਦਾ ਰੂਪ ਬਣਾਵਾਂ
ਸਿੱਧਾ ਕਰ ਲੈ ਲੱਕ...

ਪੱਥ ਪਥੇਰੇ ਐਸੀ ਗੁੱਡੀ
ਜਾਵੇ ਨਾਲ ਹਵਾਵਾਂ ਉਡੀ
ਘਿਰਨਾ ਪਿੱਛੇ ਧੱਕ...

ਟੋਪੀ ਪਗੜੀ ਹੈਟ ਬਣਾ ਦੇ
ਗੁਲੀ ਡੰਡਾ ਬੈਟ ਬਣਾ ਦੇ
ਬਾਲਾਂ ਵੱਲੇ ਤੱਕ

ਪੱਥ ਖਡੌਣਾ 'ਈਦਾਂ' ਵਰਗਾ
ਆਪਾ ਵਾਰ ਸ਼ਹੀਦਾਂ ਵਰਗਾ
ਹੋ ਕੇ ਤੂੰ ਅਣਥੱਕ...

ਚੱਕ ਘੁਮਾ ਦੇ ਚੱਕ
ਪਥੇਰੇ ਚੱਕ ਘੁਮਾ ਦੇ ਚੱਕ

## ( 2 )

ਹਿੰਦੂ ਰਾਜ ਨਾ ਖਾਲਿਸਤਾਨ
ਜੁੱਗ ਜੁੱਗ ਜੀਵੇ ਹਿੰਦੋਸਤਾਨ

ਸਾਂਝੀ ਧਰਤੀ ਨੀਲਾ ਅੰਬਰ
ਰਚਿਆ ਹੋਵੇ ਜਿਵੇਂ ਸਵੰਬਰ
ਮੇਲ ਮੁਹੱਬਤ ਆਲੀਸ਼ਾਨ...

ਪੁਖਤਾ ਕਦਮ ਫੁਲਾਦੀ ਬਾਹਾਂ
ਮੰਜਲ ਉਤੇ ਸੇਧ ਨਿਗਾਹਾਂ

ਤੁਰਦੇ ਜਾਂਦੇ ਵੀਰ ਮਹਾਨ...

ਹਿੰਦੂ ਮੁਸਲਮ ਸਿੱਖ ਈਸਾਈ
ਭਾਰਤਵਾਸੀ ਭਾਈ ਭਾਈ
ਵਸਦੇ ਨੇ ਪਰਵਾਰ ਸਮਾਨ...

ਭਾਵੇਂ ਗੋਰੇ ਭਾਵੇਂ ਕਾਲੇ
ਸਾਰੇ ਨੇ ਭਾਰਤ-ਰਖਵਾਲੇ
ਬੁਧੀਜੀਵ ਮਜ਼ੂਰ ਕਿਸਾਨ...

ਏਕੇ ਦੇ ਰਲ ਨਾਹਰੇ ਲੌਂਦੇ
ਜਾਂਦੇ ਅਮਨ-ਤਰਾਨੇ ਗੌਂਦੇ
ਬੁੱਢੇ ਬਾਲਕ ਨੌਜਵਾਨ...

ਲੜਦੇ ਲੜਦੇ ਕੌਮੀ ਜੰਗਾਂ
ਰੰਗੇ ਪਏ ਵਿਚ ਕੌਮੀ ਰੰਗਾਂ
ਕਰਦੇ ਪਏ ਕੌਮੀ ਨਿਰਮਾਨ...

ਖਾਸਾ ਊਕੋ ਰੂਪ ਨਿਆਰੇ
ਗੁਲਦਸਤੇ ਦੇ ਵਿਚ ਸ਼ੰਗਾਰੇ
ਫੁੱਲਾਂ ਦੀ ਏਕੋ ਮੁਸਕਾਨ...

## ( 3 )

ਇਸ ਰੁੱਤੇ ਨਾ ਜਾਹ ਵੇ ਸੱਜਣਾ

ਕੀ ਜਾਣਾ ਕਿਸ ਵੇਲੇ ਆ ਕੇ
ਬੁੱਕਲ ਦੇ ਵਿਚ ਮੌਤ ਲੁਕਾ ਕੇ
ਕੋਈ ਦੁਸ਼ਟ ਖਲੋਵੇ ਰਾਹ ਵਿਚ
ਨੀਲਾ ਪੀਲਾ ਚੋਲਾ ਪਾ ਕੇ
ਕਿਹੜੇ ਵੇਲੇ ਕੀ ਹੋ ਜਾਵੇ
ਕਿੱਥੇ ਹੋਵੇ ਠਾਹ ਵੇ ਸੱਜਣਾ
ਇਸ ਰੁੱਤੇ... ...

ਹਲਕ ਜਿਵੇਂ ਦਾ ਧਰਮ ਗਿਆ ਏ
ਜੀਕਣ ਹੋ ਬੇਸ਼ਰਮ ਗਿਆ ਏ
ਧਰਮ ਨਹੀਂ ਬਾਜ਼ਾਰ ਸਿਤਮ ਦਾ
ਲੱਗਦਾ ਏ ਹੋ ਗਰਮ ਗਿਆ ਏ
ਕੀਹਨੂੰ ਕੋਈ ਸੀਸ ਝੁਕਾਵੇ
ਕੀਹਦਾ ਕਰੇ ਵਿਸਾਹ ਵੇ ਸਜਣਾ
ਇਸ ਰੁੱਤੇ... ...

ਕਿਹੜੇ ਵੇਲੇ ਆਣ ਅਚਾਨਕ
ਕਾਰਾ ਕੋਈ ਕਰੇ ਭਿਆਨਕ
ਰਹਿ ਜਾਂਦੇ ਨੇ ਹੁਣ ਅਧਵਾਟੇ
'ਬਾਲੇ' ਤੇ 'ਮਰਦਾਨੇ' 'ਨਾਨਕ'
ਬੈਠੇ ਵੇਖ ਕੜਾਹੇ ਤਾਈ
ਥਾਂ ਥਾਂ 'ਕੌਡੇ ਸ਼ਾਹ' ਵੇ ਸਜਣਾ
ਇਸ ਰੁਤੇ ਨਾ ਜਾਹ ਵੇ ਸਜਣਾ ।


**ਬੰਬੇ ਸਵੀਟਸ ਮੈਨੂਫੈਕਚਰਰ ਇਨਕ**

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556—6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722

CONTACT:
**NARESH SHUKLA & BROS.**

$2.50 / ਪੌਂਡ [illegible]
[illegible]
$1.40

$2.50 / ਪੌਂਡ ਵਾਲੇ
ਲੱਡੂ
$1.75

# ਤੀਸਰਾ ਸੰਸਾਰ—ਦੋ ਪਹੁੰਚਾਂ

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਸੇਵੀਅਰ ਪੇਰੇਜ਼ ਡੀ ਕਿਊਲਾਰ ਨਾਲ ਆਪਣੀ ਮੁਲਾਕਾਤ ਦੌਰਾਨ ਸੋਵੀਅਤ ਨੇਤਾ ਮਿਖਾਇਲ ਐਸ. ਗੋਰਬਾਚੇਵ ਨੇ ਕਿਹਾ,ਸੋਵੀਅਤ ਯੂਨੀਅਨ ਨਿਸ਼ਸਤਰੀਕਰਨ ਅਤੇ ਵਿਕਾਸ ਦੀਆਂ ਸਮਸਿਆਵਾਂ ਬਾਰੇ ਨਵੇਂ ਮਹੱਤਵਪੂਰਨ ਸੁਝਾਅ ਤਿਆਰ ਕਰ ਰਿਹਾ ਹੈ। ਉਸ ਨੇ ਇਮਾਨਦਾਰ ਅਤੇ ਸੁਯੋਗ ਮਿਲਵਰਤਨ ਵਿਕਸਤ ਕਰਨ ਦੀ ਅਤੇ ਅਸਮਾਨ ਵਪਾਰ ਅਤੇ ਲੁੱਟ ਚੋਂਘ ਦੀ ਕਾਰਜ-ਪਰਣਾਲੀ ਕਾਇਮ ਕਰਨ ਦੀ ਕੋਸ਼ਿਸ਼ ਵਿਚ ਇਸ ਸਮਸਿਆ ਦੇ ਤੱਤ ਤੋਂ ਪਾਸੇ ਨਾ ਹੋਣ ਦੀ ਲੋੜ ਉਤੇ ਜ਼ੋਰ ਦਿਤਾ ਇਹਨਾਂ ਅਹਿਮ ਮਸਲਿਆਂ ਦੇ ਹਲਾਂ ਵਿਚ ਦੇਰੀ ਕਰਨ ਦਾ ਮਤਲਬ ਮਨੁੱਖਜਾਤੀ ਨੂੰ ਗੰਭੀਰਤਾ ਨਾਲ ਖਤਰੇ ਵਿਚ ਪਾਉਣਾ ਹੈ। ਇਸ ਖੇਤਰ ਵਿਚ ਤਣਾਵਾਂ ਨੂੰ ਵਧਾਉਣ ਦੀ ਤੁਲਨਾ ਨਿਊਕਲਿਆਈ ਖਤਰੇ ਨਾਲ ਕੀਤੀ ਜਾ ਸਕਦੀ ਹੈ। ਸੋਵੀਅਤ ਨੇਤਾ ਨੇ ਨਵੀਂ ਰਾਜਕੀ ਸੋਚ ਦੀਆਂ ਪੁਜੀਸ਼ਨਾਂ ਨਾਲ ਮਾਮਲਿਆਂ ਦੀ ਹਾਲਤ ਬਾਰੇ ਫੌਰਨ ਧਿਆਨ ਦੇਣ ਦੀ ਅਪੀਲ ਕੀਤੀ।

ਸਭ ਤੋਂ ਪਹਿਲਾਂ ਨਵਬਸਤੀਵਾਦ, ਸੂਦ ਖੋਰੀ ਪੂਰਨ ਹਿਤਾਂ, ਅਸਮਾਨ ਵਪਾਰ ਅਤੇ ਸਮੁੰਦਰ ਪਾਰਲੀਆਂ ਕੰਪਨੀਆਂ ਦੇ ਅੱਤ ਦਰਜੇ ਦੇ ਨਫਿਆਂ ਦੇ ਅਮਲ ਨੂੰ ਖਤਮ ਕੀਤੇ ਜਾਣਾ ਜ਼ਰੂਰੀ ਹੈ। ਪੱਛਮ ਆਪਣੀ 'ਸਮਰਿਧੀ' ਨੂੰ ਯਕੀਨੀ ਬਣਾਉਣ ਅਤੇ ਹਥਿਆਰਾਂ ਦਾ ਨਿਰਮਾਣ ਕਰਨ ਲਈ ਕਰੋੜਾਂ ਡਾਲਰ ਖਰਚ ਕਰਦਾ ਹੈ, ਜਦ ਕਿ ਕਰੋੜਾਂ ਲੋਕ ਭੁੱਖਮਰੀ, ਗਰੀਬੀ, ਅਤੇ ਪਿਛੜੇਪਣ ਦੇ ਸ਼ਿਕਾਰ ਹਨ।

ਲੇਕਿਨ ਵੀਨਸ ਵਿਚਲੀ ਸੱਤਾ ਦੀ ਹਾਲੀਆ ਮੀਟਿੰਗ ਨੇ ਇਹ ਦਰਸਾਇਆ ਹੈ ਕਿ ਪੱਛਮ ਆਪਣੀ ਸੋਚ ਦੇ ਢੰਗ ਨੂੰ ਬਦਲਣ ਲਈ ਤਿਆਰ ਨਹੀਂ ਹੈ। ਇਸ ਤੋਂ ਇਲਾਵਾ ਇਹ ਗੱਲ ਹੈ ਕਿ ਵਾਸ਼ਿੰਗਟਨ ਨਿਰਦਈ ਫੌਜ, ਸੀ. ਆਈ. ਏ. ਦੀਆਂ ਕਾਰਗੁਜ਼ਾਰੀਆਂ ਅਤੇ ਨਾਲ ਹੀ ਵਪਾਰਕ ਅਤੇ ਦੂਸਰੀਆਂ ਪਾਬੰਦੀਆਂ ਦੀ ਮਦਦ ਨਾਲ ਤੀਸਰੇ ਸੰਸਾਰ ਵੱਲ ਆਪਣੀ ਨਵਬਸਤੀਵਾਦ ਨੀਤੀ ਨੂੰ ਜਾਰੀ ਰੱਖਣ ਲਈ ਡਟਿਆ ਹੋਇਆ ਹੈ। ਇਹਨਾਂ ਝਗੜਾਲੂ ਇਰਾਦਿਆਂ ਦੀ ਪੁਸ਼ਟੀ ਰੀਗਨ ਦੇ ਸਿਧਾਂਤ ਅਤੇ ਨਵਵਿਸ਼ਵਵਾਦੀ ਵਿਊਤਾਂ ਵਲੋਂ ਹੁੰਦੀ ਹੈ। ਆਪਣੀਆਂ ਪੁਜੀਸ਼ਨਾਂ ਨੂੰ ਕਾਇਮ ਰਖਣ ਦੇ ਯਤਨ ਵਿਚ ਅਮਰੀਕਾ ਨੇ ਗਰੇਨੇਡਾ ਉਤੇ ਹਮਲਾ ਕੀਤਾ, ਲਿਬੀਆ ਅਤੇ ਲਿਬਨਾਨ ਵਿਰੁੱਧ ਹਮਲਾਵਰ ਕਾਰਵਾਈਆਂ ਕੀਤੀਆਂ, ਨਿਕਾਰਾਗੁਆ, ਅਫਗਾਨਿਸਤਾਨ ਅਤੇ ਅੰਗੋਲਾ ਵਿਰੁੱਧ ਅਣ-ਐਲਾਨੀਆਂ ਜੰਗਾਂ ਛੇੜ ਰਖੀਆਂ ਹਨ। ਉਹ ਉਲਟ ਇਨਕਲਾਬ ਦੀ ਦਰਾਮਦ ਉਤੇ ਅਰਬਾਂ ਡਾਲਰ ਖਰਚ ਕਰਦਾ ਹੈ। ਹਮਲਾਵਰ ਨਵਬਸਤੀਵਾਦ ਨੂੰ 'ਸੋਵੀਅਤ ਵਿਸਥਾਰਵਾਦ' ਨਾਲ ਲੜਨ ਦੀ ਝੂਠੀ ਕਹਾਣੀ ਦਾ ਪਰਚਾਰ ਕਰਕੇ ਛੁਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਨੀਤੀ ਨੂੰ ਚਲਾਉਣ ਵਿਚ ਪੱਛਮ ਨਿਤ ਵਧੇਰੇ ਮੁਸ਼ਕਲਾਂ ਦਾ ਸਾਂਹਮਣਾ ਕਰਦਾ ਹੈ। ਤੀਸਰੇ ਸੰਸਾਰ ਦੇ ਦੇਸ਼ ਸੋਵੀਅਤ ਯੂਨੀਅਨ ਅਤੇ ਸਮਾਜਵਾਦੀ ਬਰਾਦਰੀ ਨਾਲ ਮਿਲਵਰਤਨ ਉਤੇ ਭਰੋਸਾ ਕਰਦਿਆਂ ਸਾਮਰਾਜਵਾਦੀ ਸਾਜ਼ਿਸ਼ਾਂ ਨੂੰ ਨਿਤ ਵਧੇਰੇ ਨਾਕਾਮ ਕਰਦੇ ਹਨ।

ਕੇਵਲ 1981-1983 ਵਿਚ ਸੋਵੀਅਤ ਸਹਾਇਤਾ ਨਾਲ ਤੀਸਰੇ ਸੰਸਾਰ ਵਿਚ 300 ਤੋਂ ਵਧ ਵਡੇ ਸਨਅਤੀ ਪਰੋਜੈਕਟਾਂ ਨੂੰ ਚਾਲੂ ਕੀਤਾ ਗਿਆ। 1976-1982 ਵਿਚ ਤੀਸਰੇ ਸੰਸਾਰ ਦੇ ਦੇਸ਼ਾਂ ਨੇ ਕਮਿਆਂ ਦੇ ਮੈਂਬਰ ਰਾਜਾਂ ਨਾਲ ਆਪਣੇ ਵਪਾਰ ਵਿਚ ਔਸਤ 20 ਫੀਸਦੀ ਦਾ ਸਾਲਾਨਾ ਵਾਧਾ ਕੀਤਾ, ਜਿਹੜਾ ਕਿ ਸਨਅਤੀਕ੍ਰਿਤ ਪੱਛਮੀ ਤਾਕਤਾਂ ਨਾਲ ਉਹਨਾਂ ਦੇ ਵਪਾਰ ਤੋਂ 1·7 ਗੁਣਾਂ ਵਧੇਰੇ ਹੈ।

ਮਿਸਾਲ ਵਜੋਂ ਭਾਰਤ-ਸੋਵੀਅਤ ਸਬੰਧਾਂ ਵਲੋਂ ਸਪੱਸ਼ਟ ਹੁੰਦੀ ਹੈ, ਵਿਕਾਸਸ਼ੀਲ ਕੌਮਾਂ ਦੇ ਸਨਅਤੀਕਰਨ ਅਤੇ ਆਰਥਕ ਸੁਤੰਤਰਤਾ ਦੀ ਗਤੀ ਤੇਜ਼ ਕਰਦੀ ਹੈ।

ਸੋਵੀਅਤ ਸਮਾਜ ਦਾ ਵਰਤਮਾਨ ਪੁਨਰਗਠਨ ਸੋਵੀਅਤ ਯੂਨੀਅਨ ਦੀ ਆਰਥਕ ਸਮਰਥਾ ਅੰਤੇ ਕੌਮਾਂਤਰੀ ਆਰਥਕ ਮਿਲਵਰਤਨ ਵਿਚ ਉਸ ਦੀ ਭੂਮਿਕਾ ਨੂੰ ਕਾਫੀ ਮਜ਼ਬੂਤ ਕਰੇਗਾ। ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਜੂਨ ਵਿਚਲੇ ਸੰਪੂਰਨ ਸੰਮੇਲਨ ਵਿਚ ਆਪਣੀ ਰੀਪੋਰਟ ਵਿਚ ਮਿਖਾਇਲ ਐਸ. ਗੋਰਬਾਚੇਵ ਨੇ ਇਸ ਗੱਲ ਉਤੇ ਜ਼ੋਰ ਦਿਤਾ ਸੀ ਕਿ ਸੋਵੀਅਤ ਆਰਥਕ ਆਧੁਨਿਕੀਕਰਨ ਦੀਆਂ ਯੋਜਨਾਵਾਂ ਨਾ ਕੇਵਲ ਉਸ ਦੇ ਇਤਿਹਾਦੀਆਂ ਨੂੰ ਸਗੋਂ ਉਹਨਾਂ ਸਭਨਾਂ ਨੂੰ, ਜਿਹੜੇ ਕਿ ਯੂਨੀਅਨ ਨਾਲ ਨਵੀਆਂ, ਵਧੇਰੇ ਢੁਕਵੀਆਂ ਹਾਲਤਾਂ ਵਿਚ ਮਿਲਵਰਤਨ ਕਰਨ ਦੇ ਚਾਹਵਾਨ ਹਨ, ਫਾਇਦਾ ਪੁਚਾਉਣਗੀਆਂ। ਇਸ ਦਾ ਮਤਲਬ ਤੀਸਰੇ ਸੰਸਾਰ ਲਈ ਨਵੇਂ ਫਾਇਦੇ ਹਨ।

ਵਡੇਰੀ ਉਚੀ ਗੁਣਵਤਾ ਵਾਲੀਆਂ ਵੰਨ-ਸੁਵੰਨੀਆਂ ਸੋਵੀਅਤ ਵਸਤਾਂ, ਜਿਹਨਾਂ


**CHIPS**

**POULTRY & FARM PRODUCE**

**3711 No.5 ROAD, RICHMOND, B.C.**

ਕੁੱਕੜ ਦਾ, ਬੱਕਰੇ ਦਾ ਤੇ ਲੈਂਬ ਦਾ ਤਾਜ਼ਾ ਮੀਟ ਅਤੇ ਸਲਾਈਸਡ ਹੈਮ ਲੈਣ ਲਈ ਅੱਜ ਹੀ ਚਿਪਸ ਪੋਲਟਰੀ ਤੇ ਪਹੁੰਚੋ।

ਕੀਮਤਾਂ ਇੰਨੀਆਂ ਘੱਟ ਕਿ ਤੁਸੀਂ ਦੇਖ ਕੇ ਹੈਰਾਨ ਹੀ ਰਹਿ ਜਾਵੋਗੇ!

ਜ਼ਿਆਦਾ (Bulk Meat) ਖਰੀਦਣ ਤੇ ਭਾਰੀ ਡਿਸਕਾਊਂਟ ਦਿੱਤਾ ਜਾਵੇਗਾ!

FOR MORE INFORMATION

Babul or Aly Phone : 278-0947

ਵਿਚ ਸਨਅਤੀ ਸਾਜ-ਸਾਮਾਨ ਅਤੇ ਦੁਆ-ਦੁਆਈ ਦੀਆਂ ਸਹੂਲਤਾਂ ਸਾਮਲ ਹਨ, ਵਿਕਾਸਸ਼ੀਲ ਦੇਸਾਂ ਨੂੰ ਉਹਨਾਂ ਦੀ ਆਰਥਕ ਸੁਤੰਤਰਤਾ ਦੇ ਮਜਬੂਤੀ ਕਰਨ ਲਈ ਸੰਭਾਵਨਾਵਾਂ ਵਧਾਉਣਗੀਆਂ। ਪੱਛਮੀ ਕੰਪਨੀਆਂ ਅਤੇ ਕਾਰਪੋਰੇਸ਼ਨਾਂ ਲਈ ਆਪਣੀਆਂ ਉਪਜਾਂ ਨੂੰ ਮਹਿੰਗੀਆਂ ਕੀਮਤਾਂ ਉਤੇ ਵੇਚਣਾ ਅਤੇ ਆਪਣੇ ਵਪਾਰਕ ਭਾਈਵਾਲਾਂ ਉਤੇ ਪੁਰਾਣੇ ਪੈ ਗਏ ਸਾਜ਼-ਸਾਮਾਨ ਅਤੇ ਘਟੀਆ ਦਰਜੇ ਦੀਆਂ ਵਸਤਾਂ ਥੋਪਣਾ ਵਧੇਰੇ ਮੁਸ਼ਕਲ ਹੋ ਜਾਏਗਾ।

ਪੁਨਰਗਠਨ ਸੰਸਾਰ ਮੰਡੀ ਵਿਚ ਸੋਵੀਅਤ ਯੂਨੀਅਨ ਦੀ ਭੂਮਿਕਾ ਨੂੰ ਵਧਾ ਦੇਵੇਗਾ 'ਅਤੇ ਪੱਛਮ ਨੂੰ ਦੱਖਣ ਨਾਲ ਵਿਵੇਪੂਰਨ ਸਮਝੌਤਾ ਕਰਨ ਲਈ ਵਧੇਰੇ ਕਾਰਗਰ ਢੰਗ ਨਾਲ ਖੋਜ ਕਰਨ ਲਈ ਮਜਬੂਰ ਕਰ ਦੇਵੇਗਾ।

ਪੱਛਮ ਨੂੰ ਆਪਣੀ ਜ਼ੋਰ ਅਜ਼ਮਾਇਸ਼ ਦੇ ਤਰੀਕਿਆਂ ਨੂੰ ਰੋਕਣਾ ਪਏਗਾ, ਜਿਹਨਾਂ ਦੀ ਕਾਰਗਰਤਾ ਦੇ ਤੇਜ਼ੀ ਨਾਲ਼ ਵਧੇਰੇ ਘੱਟ ਹੋਣ ਦੀ ਆਸ ਕੀਤੀ ਜਾਂਦੀ ਹੈ। ਤੀਸਰਾ ਸੰਸਾਰ ਇਹਨਾਂ ਤਰੀਕਿਆਂ ਦਾ ਨਿੱਤ ਵਧੇਰੇ ਵਿਰੋਧ ਕਰਨ ਦੇ ਯੋਗ ਹੋ ਜਾਏਗਾ। ਸੰਯੁਕਤ ਰਾਸ਼ਟਰ ਦੇ ਢਾਂਚੇ ਅੰਦਰ ਉਤਰ-ਦੱਖਣ ਵਾਰਤਾਲਾਪ ਅਤੇ ਵਖ ਵਖ ਪੱਧਰਾਂ ਵਿਚਲੀਆਂ ਗੱਲਾਂਬਾਤਾਂ ਵਿਚਲੇ ਵਿਸ਼ਵਵਿਆਪੀ ਆਰਥਕ ਮਸਲਿਆਂ ਨੂੰ ਹੱਲ ਕਰਨ ਲਈ ਵਡੇਰੀਆਂ ਸੰਭਾਵਨਾਵਾਂ ਦੇ ਬੂਹੇ ਖੁਲ੍ਹਣਗੇ। ਇਸੇ ਰੀਪੋਰਟ ਵਿਚ ਮਿਖਾਇਲ ਐਸ. ਨੇ ਠੀਕ ਹੀ ਕਿਹਾ ਸੀ ਕਿ ਸੰਸਾਰ ਆਰਥਕਤਾ ਵਿਚ ਸੋਵੀਅਤ ਯੂਨੀਅਨ ਦੇ ਯਥਾਰਥਕ ਅਨੁਪਾਤ ਸਦਕਾ ਇਸਦਾ ਆਰਥਕ ਪੁਨਰਗਠਨ ਵੱਡ-ਪੱਧਰੀ ਕੌਮਾਂਤਰੀ ਮਿਲਵਰਤਨ ਵਿਕਸਤ ਕਰਨ ਵਿਚ ਅਤੇ ਇਸ ਤਰਾਂ ਕੌਮਾਂਤਰੀ ਆਰਥਕ ਸਬੰਧਾਂ ਨੂੰ ਸੁਧਾਰਨ ਵਿਚ ਮਦਦ ਕਰੇਗਾ।

●

# ਮੌਲਸਰੀ ਦਾ ਬੂਟਾ

*–ਅਮਰਦੀਪ ਗਿੱਲ*

—ਅਮਨ ਕੋਈ ਮੌਲਸਰੀ ਦਾ ਬੂਟਾ ਨਹੀਂ,
ਜਿਸਨੂੰ ਤੁਸੀਂ "ਸ਼ਹੀਦਾਂ ਦੀ ਧਰਤ" ਵਿਚ ਲਗਾ-
ਕਰੋਗੇ ਉਸਦੇ ਵਧਣ-ਫੁੱਲਣ ਲਈ ਅਰਦਾਸ,
—ਵੈਸੇ ਤਾਂ ਤੁਹਾਡਾ ਸ਼ਹੀਦਾਂ ਦੀ ਧਰਤ ਦੀ-
ਮਿੱਟੀ ਇਕੱਠੀ ਕਰਨਾ ਵੀ-
ਕਿਸੇ 'ਕਾਫਿਰ' ਦੇ ਫੁੱਲ-
ਗੰਗਾ ਵਿਚ ਪਾਉਣ ਜਿਹੀ ਗੱਲ ਹੈ,
—ਪਰ ਜਦ ਢੌਂਗ ਤੁਹਾਡਾ ਚਲਨ ਹੈ
'ਤੇ ਬਿਆਨਬਾਜ਼ੀ ਤੁਹਾਡੀ ਪਛਾਣ,
ਜਦ "ਕਰਮਯੋਗੀ" ਬਣਨ ਦੀ ਤੁਹਾਡੀ ਆਦਤ ਨੇ-
ਹਰਕਤਹੀਣ ਕਰ ਹੀ ਦਿਤੇ ਤੁਹਾਨੂੰ ਤਾਂ-
ਫਿਰ ਰਾਜਧਾਨੀ ਰੰਗ-ਮੰਚ ਨਾ ਬਣਾਉ,
ਦੇਸ਼ ਦੀ ਜਨਤਾ-
ਕੋਈ ਭਾੜੇ ਦੀ ਦਰਸ਼ਕ ਨਹੀਂ-
ਜੋ ਤੁਹਾਡੇ ਹਰ ਊਲ-ਜਲੂਲ "ਨਾਟਕ" ਨੂੰ-
ਦਾਦ ਦਿੰਦਿਆਂ ਜਰ ਲਵੇਗੀ,
—ਟਿਕਟ ਲੈਣ ਵਾਂਗ ਹੀ-
ਵੋਟਾਂ ਪਾਈਆਂ ਨੇ ਇਨ੍ਹਾਂ ਲੋਕਾਂ ਨੇ-
ਤੁਹਾਡਾ ਜਲਸਾ ਵੇਖਣ ਲਈ,
—ਹੁਣ ਸੁਪਨਿਆਂ 'ਚੋਂ ਨਿਕਲ-
ਤਾਬੀਰ ਵਿਚ ਆ ਜਾਓ,
ਨਹੀਂ ਤਾਂ, ਸੁੱਤੇ ਹੀ ਰਹਿ ਜਾਓਗੇ,
ਛੱਡ ਦਿਓ ਹੁਣ-
ਹਰ ਦੂਜੇ-ਚੌਥੇ ਇਤਿਹਾਸ ਨਾਲ ਮਖੌਲ ਕਰਨਾ,
'ਸ਼ਹੀਦਾਂ ਦੇ ਵਾਰਿਸ' ਬਣ-
"ਵਾਰਿਸ" ਦੇ ਅਰਥਾਂ ਨੂੰ ਸੀਮਿਤ ਨਾ ਕਰੋ,
—ਚੋਣਾਂ ਦੀ ਬਲਵੇਦੀ 'ਤੇ-
ਇਕ ਫਿਰਕੇ ਦੇ ਲੋਕਾਂ ਨੂੰ ਕੁਰਬਾਨ ਕਰਨਾ ਹੀ-
ਬਹੁਤ ਵੱਡਾ ਸਬੂਤ ਹੈ-
ਤੁਹਾਡੀ 'ਹਕੀਕੀ ਧਰਮ-ਨਿਰਪੱਖਤਾ' ਦਾ,
—ਫਿਰ ਤੁਹਾਨੂੰ ਕੀ ਲੋੜ ਹੈ ?
ਅਮਨ ਅਤੇ ਫਿਰਕੂ-ਏਕਤਾ ਦੀ 'ਬਹਾਲੀ' ਲਈ-
ਸ਼ਹੀਦਾਂ ਦੀ ਮਿੱਟੀ ਵਿਚ ਮੌਲਸਰੀ ਉਗਾਉਣ ਦੀ,
-ਨਾਲੇ ਮੌਲਸਰੀ ਨੂੰ ਵੱਧਦਾ-ਫੁੱਲਦਾ ਵੇਖ-
ਦੇਸ਼ ਦੇ ਹਾਲਾਤ ਸੁਧਰਣ ਦਾ ਭਰਮ ਪਾਲਣ ਵਾਲਿਓ !
ਤੁਹਾਡੇ ਖੋਖਲੇ ਨਾਹਰਿਆਂ ਦਾ-
ਸਮਾਂ ਲਦ ਗਿਆ,
ਹੁਣ ਤਾਂ "ਸ਼ਹੀਦਾਂ ਦੇ ਵਾਰਿਸ" ਵੀ—
"ਸ਼ਹੀਦ" ਹੀ ਕਹਾਉਣਗੇ,
ਜੋ ਜਾਨ ਤਲੀ 'ਤੇ ਰੱਖ-
ਸੁਰਖ ਝੰਡਿਆਂ ਹੇਠ-
ਜਨੂੰਨ ਦੀਆਂ ਗਲੀਆਂ 'ਚ ਜਾਣਗੇ,
'ਤੇ ਦੇਸ਼-ਭਗਤੀ ਦੇ ਅਰਥਾਂ ਨੂੰ ਜਿਉਣਗੇ,
ਉਨਾਂ ਦੇ ਕਾਰਜ ਸਾਹਵੇਂ-
ਤੁਹਾਡੇ ਥੋਥੇ ਹਰਕਤਹੀਣ ਵਿਚਾਰ-
ਕਿਤੇ ਵੀ ਨਹੀਂ ਟਿਕਣੇ,
ਜਿਵੇਂ ਸੱਚ ਦੇ ਸਾਹਵੇਂ ਝੂਠ ਨਹੀਂ ਟਿਕਦਾ,
-ਨਾਲੇ ਅਮਨ ਕੋਈ ਮੌਲਸਰੀ ਦਾ ਬੂਟਾ ਤਾਂ ਨਹੀਂ,
ਜਿਸ ਨੂੰ ਤੁਸੀਂ "ਸ਼ਹੀਦਾਂ ਦੀ ਧਰਤ" ਵਿਚ ਲਗਾ-
ਦੇਸ਼ ਦੇ ਹਲਾਤ ਸੁਧਾਰਨ ਲਈ ਕਰੋਗੇ ਅਰਦ ਸ।

●


**TOOR SPICES**

**6669 FRASER ST., VANCOUVER, B.C.**

**PH. 324-3432**

**ਵਿਆਹ ਸ਼ਾਦੀ, ਅਖੰਡ ਪਾਠਾਂ ਆਦਿ ਲਈ ਗਰੌਸਰੀ ਖਰੀਦਣ ਤੇ ਸਪੈਸ਼ਲ ਡਿਸਕਾਊਂਟ ਹੋਵੇਗਾ**

**SINGH FOODS**

**6684 MAIN ST., (AT 51st. AVE.) VANCOUVER, B.C.**

**PH. 327-4911**

*ਚੈਕੋਸਲੋਵਾਕ ਝਾਕੀ :*

# ਕਲੈਮੈਂਟ ਗੌਟਵਾਲਡ ਦੀ 91ਵੀਂ ਵਰ੍ਹੇਗੰਢ

ਚੈਕੋਸਲੋਵਾਕ ਅਤੇ ਕੌਮਾਂਤਰੀ ਕਮਿਊਨਿਸਟ ਲਹਿਰ ਦੀ ਇਕ ਮਹਾਨ ਹਸਤੀ, ਕਲੈਮੈਂਟ ਗੌਟਵਾਲਡ, ਦਾ ਜਨਮ 91 ਸਾਲ ਪਹਿਲਾਂ 23 ਨਵੰਬਰ ਨੂੰ ਹੋਇਆ ਸੀ। ਇਕ ਫਰਨੀਚਰ ਫੈਕਟਰੀ ਵਿਚ ਕੰਮ ਕਰਦਿਆਂ ਉਹਨਾਂ ਨੇ ਕਿਰਤੀ ਤਹਿਰੀਕ ਨੂੰ ਆਭਾ ਬਖਸ਼ੀ, ਅਤੇ 1921 ਵਿਚ ਚੈਕੋਸਲੋਵਾਕ ਕਮਿਊਨਿਸਟ ਪਾਰਟੀ ਦੀ ਸਥਾਪਤੀ ਲਈ ਉਘਾ ਰੋਲ ਨਿਭਾਇਆ। ਹੌਲੀ ਹੌਲੀ ਉਹ 'ਪ੍ਰਾਵਦਾ ਚਦੋਬੀ' 'ਹਲਾਸ ਲੁਦੂ' ਅਤੇ 'ਪ੍ਰੋਲਤਾਰਕਾ' ਅਖਬਾਰਾਂ ਦੇ ਐਡੀਟਰ-ਇਨ-ਚੀਫ ਲਗ ਗਏ। 1925 ਵਿਚ ਪਾਰਟੀ ਦੀ ਤੀਜੀ ਕਾਂਗਰਸ ਸਮੇਂ ਉਹਨਾਂ ਨੂੰ ਕੇਂਦਰੀ ਕਮੇਟੀ ਅਤੇ ਰਾਜਨੀਤਕ ਬਿਯੂਰੋ ਦਾ ਮੈਂਬਰ ਚੁਣਿਆ ਗਿਆ। ਉਪਰੰਤ, ਪਾਰਟੀ ਦੀ ਕੇਂਦਰੀ ਕਮੇਟੀ ਦਾ ਮੁਖ ਪ੍ਰਚਾਰਕ ਬਣਾ ਦਿਤਾ ਗਿਆ। ਉਹਨਾਂ ਨੇ ਲੈਨਿਨ ਨੂੰ ਆਪਣਾ ਆਗੂ ਮੰਨਕੇ ਸੋਧਵਾਦੀਆਂ ਅਤੇ ਮੌਕਾਪ੍ਰਸਤਾਂ ਨਾਲ ਡਟਕੇ ਲੋਹਾ ਲਿਆ। 1929 ਵਿਚ, ਪਾਰਟੀ ਦੀ ਇਤਿਹਾਸਕ ਪੰਜਵੀਂ ਕਾਂਗਰਸ ਸਮੇਂ ਉਹ ਜਨਰਲ ਸਕੱਤਰ ਚੁਣੇ ਗਏ।

1930-ਆਂ ਦੇ ਸ਼ੁਰੂ ਵਿਚ, ਜਦੋਂ ਸਰਮਾਏਦਾਰੀ ਉਤੇ ਵਿਸ਼ਵ ਸੰਕਟ ਝੁਲਿਆ ਤਦ ਕਲੈਮੈਂਟ ਗੌਟਵਾਲਡ ਦਾ ਮਜਦੂਰ ਪੱਖੀ ਰੋਲ ਉਭਰਕੇ ਸਾਹਮਣੇ ਆਇਆ। ਮੋਸਟ ਵਿਖੇ, 1932 ਵਿਚ. ਉਤਰੀ ਬੋਹੀਮੀਅਨ ਖਾਣ ਮਜ਼ਦੂਰਾਂ ਦੀ ਹੜਤਾਲ ਨੂੰ ਸਫਲ ਬਣਾਕੇ ਉਹਨਾਂ ਨੇ ਕੌਮਾਂਤਰੀ ਜਸ ਖਟਿਆ ਕਿਉਂਕਿ ਯੁਰਪ ਦੀ ਉਹ ਸਭ ਤੋਂ ਵਡੀ ਪ੍ਰੋਲਤਾਰੀ ਵਿੱਜੇ ਸੀ।

ਫਿਰ ਹਿਟਲਰ ਦਾ ਸਮਾਂ ਆਇਆ। ਉਸਦੇ ਫਾਸ਼ੀ ਹਮਲੇ ਦਾ ਪਹਿਲਾ ਸ਼ਿਕਾਰ ਚੈਕੋਸਲੋਵਾਕੀਆ ਸੀ। ਗੌਟਵਾਲਡ ਵਲੋਂ ਉਸਦਾ ਵਿਰੋਧ ਕੀਤਾ ਗਿਆ। ਰੂਪੋਸ਼ ਰਹਿਕੇ ਵੀ ਉਹਨਾਂ ਨੇ ਆਪਣੇ ਲੋਕਾਂ ਨਾਲ ਤਾਰ ਮਿਲਾਈ ਰਖੀ ਅਤੇ ਨਾਜ਼ੀਆਂ ਦੇ ਨੱਕ ਵਿਚ ਦਮ ਕਰੀ ਰਖਿਆ। ਸੋਵੀਅਤ ਯੂਨੀਅਨ ਨਾਲ ਰਲਕੇ ਵੈਰੀ ਨੂੰ ਆਪਣੇ ਦੇਸ਼ ਵਿਚੋਂ ਕਢਣ ਦੀ ਵਿਉਂਤ ਵੀ ਉਨਾਂ ਦੀ ਹੀ ਸੀ।

ਜਦੋਂ ਚੈਕੋਸਲੋਵਾਕੀਆ ਨੂੰ ਆਜ਼ਾਦ ਕਰਵਾ ਲਿਆ ਗਿਆ ਤਾਂ ਦੇਸ਼ ਨੂੰ ਨਵੀਂ ਬੁਨਿਆਦ ਉਤੇ ਮੁੜ ਉਸਾਰਨ ਦਾ ਕੰਮ ਆਇਆ। ਗੌਟਵਾਲਡ ਦੀ ਪਾਰਟੀ ਲੋਕ ਜਮਹੂਰੀਅਤ ਨੂੰ ਸਮਾਜਵਾਦੀ ਇਨਕਲਾਬ ਵੱਲ ਲੈ ਜਾਣਾ ਚਾਹੁੰਦੀ ਸੀ। ਆਮ ਲੋਕ ਵੀ ਬੂਰਜੁਆ ਸਰਕਾਰਾਂ ਤੋਂ ਤੰਗ ਆ ਚੁਕੇ ਸਨ। ਸੋ 1946 ਦੀਆਂ ਆਮ ਚੋਣਾਂ ਵਿਚ ਕਮਿਊਨਿਸਟਾਂ ਨੂੰ ਭਰਵੀਂ ਬਹੁਸੰਮਤੀ ਪ੍ਰਾਪਤ ਹੋਈ, ਅਤੇ ਗੌਟਵਾਲਡ ਨੂੰ ਨਵੀਂ ਸਰਕਾਰ ਦਾ ਚੇਅਰਮੈਨ ਬਣਾਇਆ ਗਿਆ। ਉਹਨਾਂ ਦੀ ਸਪੱਸ਼ਟ ਮਾਰਕਸੀ ਲੈਨਿਨੀ ਨੀਤੀ ਨੂੰ ਕੁਝ ਵਿਦੇਸ਼ੀ ਤਾਕਤਾਂ ਨੇ ਮੁਠੀਭਰ ਸਥਾਨਕ ਬੂਰਜੁਆਈਆ ਨਾਲ ਮਿਲਕੇ ਫਰਵਰੀ 1948 ਵਿਚ ਚੈਲੰਜ ਕਰਨਾ ਚਾਹਿਆ। ਪਰ ਉਹਨਾਂ ਨੂੰ ਮੂੰਹ ਦੀ ਖਾਣੀ ਪਈ। ਉਸ ਤੋਂ ਪਿਛੋਂ ਚੈਕੋਸਲੋਵਾਕੀਆ ਲਈ ਸਮਾਜਵਾਦ ਦਾ ਰਸਤਾ ਸਾਫ ਹੋ ਗਿਆ।

1949 ਵਿਚ, ਪਾਰਟੀ ਦੀ ਨੌਵੀਂ ਕਾਂਗਰਸ ਸਮੇਂ, ਗੌਟਵਾਲਡ ਨੇ ਸਮਾਜਵਾਦ ਦਾ ਜੋ ਪਲਾਨ ਉਲੀਕਿਆ ਉਸਨੇ ਚੈਕੋਸਲੋਵਾਕੀਆ ਨੂੰ ਬੜਾ ਸਨਮਾਨਯੋਗ ਬਣਾ ਦਿਤਾ ਹੈ। 14 ਮਾਰਚ 1953 ਨੂੰ ਉਹਨਾਂ ਦਾ ਦੇਹਾਂਤ ਹੋ ਗਿਆ, ਐਪਰ ਉਹਨਾਂ ਦੀ ਘਾਲਣਾ ਸਦਕਾ ਅਜ ਚੈਕੋਸਲੋਵਾਕੀਆ ਵਿਚ ਕੋਈ ਬੇਰੁਜ਼ਗਾਰ ਨਹੀਂ ਬੇਘਰ ਨਹੀਂ। ਉਥੇ ਮਨੁਖ ਦਾ ਸੋਸ਼ਨ ਨਹੀਂ ਹੋ ਸਕਦਾ ਅਤੇ ਨਾ ਹੀ ਅਮੀਰ-ਗਰੀਬ ਦਾ ਭੇਦ ਹੈ। ਵਿਗਿਆਨ ਤੇ ਟੇਕਨੋਲੋਜੀ ਦੇ ਖੇਤਰਾਂ ਵਿਚ ਵੀ ਉਹ ਤਕੜੀਆਂ ਪੁਲਾਂਘਾਂ ਪੁਟ ਰਿਹਾ ਹੈ।

## ਗ਼ਜ਼ਲ

*–ਸੁਰਿੰਦਰ ਸਿੰਘ 'ਚੋਹਕਾ'*

ਦੋ ਬੇੜੀਆਂ ਤੇ ਹੋਇਆ, ਕਿੱਦਾਂ ਸਵਾਰ ਵੇਖ।
ਇੱਕ ਹੱਥ ਵਿਚ ਹੈ ਮਾਲਾ, ਦੂਜੇ ਕਟਾਰ ਵੇਖ।

ਕਾਨੀ ਤੇ ਕਰਕੇ ਵਾਰ ਕਵਿਤਾ ਨਾ ਮਾਰ ਸਕਿਉਂ,
ਸੰਭਲ ਕੇ ਜ਼ਾਲਮਾਂ ਹੁਣ, ਕਾਨੀ ਦਾ ਵਾਰ ਵੇਖ।

ਉਸ ਦੇ ਕਹਿਣ ਤੇ ਰੁਕਿਆ, ਉਸ ਦੇ ਕਹਿਣ ਤੇ ਨੱਚਿਆ,
ਪੈਸੇ ਦੀ ਖਾਤਰ ਵਿਕ ਗਿਆ, ਕਿੱਦਾਂ ਨਚਾਰ ਵੇਖ,

ਐਟਮ ਤੇ ਘਰ ਬਣਾ ਕੇ, ਜੀਵਨ ਦੇ ਸੁਪਨੇ ਲੈਂਦਾ,
ਉਹ ਸ਼ਖਸ ਮੈਨੂੰ ਲਗਦੇ ਜ਼ਿਹਨੀ ਬਿਮਾਹ ਵੇਖ।


**Garrison Beatty & Godoy Insurance**

GENL **Agencies Ltd.**

**ਕਾਰਾਂ, ਵੈਨਾਂ, ਟਰੱਕਾਂ**
**ਜਾਂ ਹੋਰ ਹਰ ਤਰ੍ਹਾਂ ਦੀ ਇਨਸ਼ੋਰੈਂਸ**
**ਕਰਾਉਣ ਲਈ ਸਾਡੇ ਪਾਸ ਦਰਸ਼ਨ ਦਿਓ**



BALDEV SANGRA

**6435- Victoria Dr., Vancouver, B.C. V5P 3X5**

**Ph. 321-6557**

# ਸ: ਗੁਰਚਰਨ ਸਿੰਘ ਟੌਹੜਾ ਬਾਰੇ

ਮਜ਼ਾਰੀ–

ਸ੍ਰੀ ਗੁਰਚਰਨ ਸਿੰਘ ਟੌਹੜਾ ਇਸ ਸਮੇਂ ਜਿਹਲ ਵਿਚ ਹਨ। ਉਹਨਾਂ ਦੇ ਹਮਾਇਤੀਆਂ ਨੇ ਅਨੰਦਪੁਰ ਸਾਹਿਬ ਦੇ ਇਕੱਠ ਸਮੇਂ ਉਹਨਾਂ ਨੂੰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਪਰਧਾਨ ਚੁਣਿਆਂ।

ਇਸ ਸਮੇਂ ਜਿਸ ਕਿਸਮ ਦੀ ਬਿਆਨਬਾਜ਼ੀ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅੰਦਰੋਂ ਨਾਮ-ਨਿਹਾਦ ਪੰਥਕ ਕਮੇਟੀ ਜਾਰੀ ਰਖ ਰਹੀ ਹੈ ਅਤੇ ਜਿਵੇਂ ਅੱਤਵਾਦੀ ਤੱਤ ਖੁਲ੍ਹੇ-ਆਮ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਅਤੇ ਹੋਰ ਅਕਾਲੀ ਆਗੂਆਂ ਨੂੰ ਧਮਕੀਆਂ ਦੇ ਰਹੇ ਹਨ ਅਤੇ ਉਹਨਾਂ ਵਿਰੁੱਧ ਹੁਕਮਨਾਮੇ ਜਾਰੀ ਕਰਵਾ ਰਹੇ ਹਨ ਉਸ ਸਨ ਕੁਝ ਨੂੰ ਮੁੱਖ ਰਖਦਿਆਂ ਸ੍ਰੀ ਗੁਰਚਰਨ ਸਿੰਘ ਟੌਹੜਾ ਜਿਹਲ ਵਿਚ ਹੋਣ ਕਾਰਨ ਉਹਨਾਂ ਜੁਮੇਂਵਾਰੀਆਂ ਤੋਂ ਬਚਦੇ ਹਨ ਜਿਹੜੀਆਂ ਉਹਨਾਂ ਸਿਰ ਆਉਂਦੀਆਂ ਹਨ (ਇਸ ਸਮੇਂ ਇਹ ਜੁਮੇਂਵਾਰੀਆਂ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹੋਰ ਅਹੁਦੇਦਾਰਾਂ ਸਿਰ ਆਉਂਦੀਆਂ ਹਨ) ਪਰ ਇਸ ਗਲ ਦਾ ਨੋਟਿਸ ਲਏ ਬਿਨਾਂ ਨਹੀਂ ਰਿਹਾ ਜਾ ਸਕਦਾ ਕਿ ਸ੍ਰੀ ਗੁਰਚਰਨ ਸਿੰਘ ਟੌਹੜਾ ਦੀ ਪਰਧਾਨਗੀ ਸਮੇਂ ਹੀ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਅੱਤਵਾਦੀ-ਵੱਖਵਾਦੀ ਤੱਤ ਨਾ ਸਿਰਫ ਘੁੰਮਦੇ ਫਿਰਦੇ ਰਹੇ ਸਗੋਂ ਉਹਨਾਂ ਦਾ ਮੁਕੰਮਲ ਕਬਜ਼ਾ ਰਿਹਾ ਅਤੇ ਉਹ ਇਸ ਧਾਰਮਕ ਅਸਥਾਨ ਨੂੰ ਜੰਗੀ ਅੱਡਾ ਬਨਾਉਣ ਲਈ ਸਭ ਕੁਝ ਹੀ ਕਰਦੇ ਰਹੇ।

ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਪਰਧਾਨ ਹੋਣ ਵਜੋਂ ਕੀ ਸ੍ਰੀ ਗੁਰਚਰਨ ਸਿੰਘ ਟੌਹੜਾ ਦੀ ਇਹ ਜੁਮੇਂਵਾਰੀ ਨਹੀਂ ਸੀ ਬਣਦੀ ਕਿ ਉਹ ਇਸ ਤਰਾਂ ਦੇ ਤੱਤਾਂ ਦੇ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਡੇਰੇ ਨਾ ਲਗਣ ਦਿੰਦੇ? ਪਰ ਸ੍ਰੀ ਗੁਰਚਰਨ ਸਿੰਘ ਟੌਹੜਾ ਨੇ ਆਪਣੀ ਜੁਮੇਂਵਾਰੀ ਨਾ ਨਿਭਾਈ। ਇਸਦੇ ਉਲਟ ਉਹ ਸਮੇਂ ਸਮੇਂ ਇਸ ਕਿਸਮ ਦੀ ਬਿਆਨ-ਬਾਜ਼ੀ ਕਰਦੇ ਰਹੇ ਕਿ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਕੋਈ ਵੀ ਅਜੇਹਾ ਵਿਅਕਤੀ ਨਹੀਂ ਜਿਹੜਾ ਕਿ ਕਿਸੇ ਕੇਸ ਵਿਚ ਸਰਕਾਰ ਨੂੰ ਲੋੜੀਂਦਾ ਹੋਵੇ।

(ਨੀਲਾ ਤਾਰਾ ਉਪਰੇਸ਼ਨ ਤੋਂ ਪਹਿਲਾਂ ਸ੍ਰੀ ਗੁਰਚਰਨ ਸਿੰਘ ਟੌਹੜਾ ਵਲੋਂ ਇਸ ਸੇਧ ਵਿਚ ਦਿੱਤੇ ਗਏ ਬਿਆਨ ਅਖਬਾਰਾਂ ਵਿਚ ਰੀਕਾਰਡ ਹਨ ਅਤੇ ਕਿਸੇ ਸਮੇਂ ਵੀ ਵੇਖੇ ਜਾ ਸਕਦੇ ਹਨ।)

ਇਹ ਗੱਲ ਵੀ ਸਾਰੇ ਹੀ ਜਾਣਦੇ ਹਨ ਕਿ ਸ੍ਰੀ ਗੁਰਚਰਨ ਸਿੰਘ ਟੌਹੜਾ ਨੇ ਸ੍ਰੀ ਹਰਮੰਦਰ ਸਾਹਿਬ ਵਿਚ ਸਰਬਤ ਖਾਲਸਾ ਕਰਵਾਕੇ ਪੰਥਕ ਕਮੇਟੀ ਨੂੰ ਸਨਮਾਨਤ ਕੀਤਾ ਸੀ। ਇਹ ਕੁਝ ਉਹਨਾਂ ਨੇ ਪੰਜਾਬ ਵਿਚ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਸਮੇਂ ਕੀਤਾ ਸੀ।

ਇਸ ਸਾਰੇ ਪਿਛੋਕੜ ਵਿਚ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਬੂਟਾ ਸਿੰਘ ਦਾ ਪੰਜਾਬ ਵਿਚ ਅੱਤਵਾਦੀ-ਵੱਖਵਾਦੀ ਸਰਗਰਮੀਆਂ ਦਾ ਵੇਰਵਾ ਦਿੰਦਿਆਂ ਲੋਕ ਸਭਾ ਵਿਚ ਇਹ ਕਹਿਣਾ ਕਿ ਹਰਮੰਦਰ ਸਾਹਿਬ ਕੰਪਲੈਕਸ ਵਿਚ ਦੇਸ਼-ਵਿਰੋਧੀ ਕਾਰਵਾਈਆਂ ਲਈ ਸ੍ਰੀ ਗੁਰਚਰਨ ਸਿੰਘ ਟੌਹੜਾ ਜਿਮੇਂਵਾਰ ਹੈ ਕਿਸੇ ਤਰਾਂ ਵੀ ਗਲਤ ਬਿਆਨੀ ਨਹੀਂ ਸਗੋਂ ਇਕ ਹਕੀਕਤ ਹੈ।

ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅੰਦਰੋਂ ਇਸ ਸਮੇਂ ਨਾਮ-ਨਿਹਾਦ ਪੰਥਕ ਕਮੇਟੀ ਜਿਹੜੀ ਵੀ ਬਿਆਨ-ਬਾਜ਼ੀ ਕਰ ਰਹੀ ਹੈ, ਜਿਹੜੇ ਵੀ ਫੁਰਮਾਨ ਜਾਰੀ ਹੋ ਰਹੇ ਹਨ ਉਹ ਦੇਸ਼ ਨੂੰ ਤੋੜਨ ਦੀ ਡੂੰਘੀ ਸਾਜਿਸ਼ ਦਾ ਇਕ ਹਿੱਸਾ ਹਨ। ਇਸ ਕਿਸਮ ਦੀਆਂ ਦੇਸ਼ ਧਰੋਹੀ ਕਾਰਵਾਈਆਂ ਸਬੰਧੀ ਕਿਸੇ ਵੀ ਤਰਾਂ ਚੁੱਪ ਨਹੀਂ ਸਾਧੀ ਜਾ ਸਕਦੀ। ਅਕਾਲੀ ਆਗੂਆਂ ਨੂੰ ਇਸ ਸਭ ਕੁਝ ਸਬੰਧੀ ਖੁਲਕੇ ਮੈਦਾਨ ਵਿਚ ਆਉਣਾ ਚਾਹੀਦਾ ਹੈ ਅਤੇ ਇਹਨਾਂ ਨਾਲੋਂ ਨਾ ਕੇਵਲ ਸਪਸ਼ਟ ਨਖੇੜਾ ਹੀ ਕਰਨਾ ਚਾਹੀਦਾ ਸਗੋਂ ਇਹਨਾਂ ਨੂੰ ਬੁਰੀ ਤਰਾਂ ਭੰਡਣਾ ਤੇ ਨੰਗਾ ਕਰਨਾ ਚਾਹੀਦਾ ਹੈ।

## ਬੇ-ਸ਼ੁਮਾਰ

**ਸੈਟ, ਵੈਨਕੂਵਰ**

ਯਾਦ ਰੱਖ ਓ ਤਿਜੌਰੀਆਂ ਦੇ ਮਾਲਕ,
ਉਹ ਹਥੌੜਾ ਜੋ ਵੱਜ ਰਿਹਾ ਹੈ,
ਪਲ ਪਲ ਪੱਥਰਾਂ ਦੇ ਉਸ ਢੇਰ ਤੇ,
ਇਹੀ ਹਥੌੜਾ ਵਰ੍ਹੇਗਾ ਇਕ ਦਿਨ,
ਤੇਰੀ ਇਸ ਵਧੀ ਹੋਈ ਤੋਂਦ ਤੇ,
ਖਾ ਖਾ ਕੇ ਜੋ ਹੱਕ ਬਿਗਾਨਾ,
ਵੱਧ ਰਹੀ ਹੈ ਬੇਸ਼ੁਮਾਰ!

## ਮੈਂ ਚਾਹੁੰਦੀ ਹਾਂ

ਦੁਨੀਆਂ ਦਾਰੀ ਦੀ ਇਸ ਧਰਤੀ ਤੇ,
ਮੈਂ ਸਵਰਗ ਬਨਾਉਣਾ ਚਾਹੁੰਦੀ ਹਾਂ!

ਮਲੀਆ ਮੇਟ ਕਰਨ ਲਈ ਜ਼ੁਲਮਾਂ ਦਾ,
ਮੈਂ ਅੱਗ ਵਰਾਉਣਾ ਚਾਹੁੰਦੀ ਹਾਂ।

ਛਲ ਕਪਟ ਦੀ ਇਸ ਨਗਰੀ ਵਿਚ,
ਮੈਂ ਸੱਚ ਵਸਾਉਣਾ ਚਾਹੁੰਦੀ ਹਾਂ।

ਸਰਮਾਏਦਾਰੀ-ਨਿਜ਼ਾਮ ਹਟਾਵਣ ਲਈ,
ਮੈਂ ਇਨਕਲਾਬ ਲਿਆਉਣਾ ਚਾਹੁੰਦੀ ਹਾਂ।


# ਮੇਨ ਸਾੜ੍ਹੀ ਸੈਂਟਰ

ਤੁਹਾਡੇ ਮਨ ਪਸੰਦ ਦੇ ਵਧੀਆ ਸੂਟ, ਸਾੜ੍ਹੀਆਂ, ਦੁੱਪਟੇ ਅਤੇ ਹੋਰ ਅਨੇਕਾਂ ਕਿਸਮਾਂ ਦੇ ਵਧੀਆ, ਹੰਢਣਸਾਰ ਅਤੇ ਦਿਲਖਿਚ ਨਵੇਂ ਨਵੇਂ ਫੈਸ਼ਨਾਂ ਦੇ ਕੱਪੜੇ ਬਹੁਤ ਹੀ ਵਾਜਬ ਰੇਟਾਂ ਉਪਰ ਖਰੀਦਣ ਲਈ ਦਰਸ਼ਨ ਦਿਓ

**ਜਾਪਾਨ ਤੋਂ ਨਵੀਆਂ ਸ਼ਿਪਮੈਂਟਾਂ ਪੁਜ ਗਈਆਂ ਹਨ**

**6665 Main St., (at 51st Ave.) Vancouver, B.C. V5X 3H3**

**Ph. (604) 324-3171**

# ਆਲ ਇੰਡੀਆ ਫੂਡ ਲਿਮਟਿਡ

**6634 Main St., Vancouver, B.C.**
**ਫੋਨ : (604) 324-1686**

**ਸਾਡੇ ਦੋਵਾਂ ਸਟੋਰਾਂ ਵਿਚ ਸਟੀਲ ਦੇ ਭਾਂਡਿਆਂ ਦੀਆਂ ਤਿੰਨ ਸ਼ਿਪਮੈਂਟਾਂ ਸਿਧੀਆਂ ਫੈਕਟਰੀ ਤੋਂ ਪਹੁੰਚ ਗਈਆਂ ਹਨ**

ਹਰ ਤਰ੍ਹਾਂ ਦਾ ਸਟੀਲ ਦਾ ਬਰਤਨ ਗਲਾਸ, ਕੌਲੀਆਂ, ਥਾਲ, ਕੜਛੀਆਂ, ਚਮਚੇ, ਗੜਵੀਆਂ, ਚਕੌਲੇ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਬਰਤਨ ਸਾਰੇ ਕੈਨੇਡਾ ਵਿਚੋਂ ਸਸਤੇ ਖ੍ਰੀਦਣ ਲਈ ਫੁਰੰਤ ਪਹੁੰਚੋ

**ਅਜਿਹਾ ਨਾ ਹੋਵੇ ਕਿ ਤੁਹਾਨੂੰ ਅਗਲੀਆਂ ਸ਼ਿਪਮੈਂਟਾਂ ਦੀ ਉਡੀਕ ਕਰਨੀ ਪਵੇ**

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ,

ਹਰੀਆਂ ਸਬਜ਼ੀਆਂ,

ਆਚਾਰ, ਬਦਾਮ,

ਪਿਸਤਾ, ਲੈਂਚੀਆਂ,

ਵਿਆਹਾਂ ਸ਼ਾਦੀਆਂ, ਅਖੰਡਪਾਠਾਂ

ਅਤੇ ਹੋਰਨਾਂ ਦਿਨਾਂ—ਤਿਹਾਰਾਂ ਲਈ

ਸਾਡੇ ਕੋਲੋਂ ਖ੍ਰੀਦੋ

ਮਿਲਣ ਦਾ ਪਤਾ :

**KHALSA FOOD CENTRE**
6635 - Main St., Vancouver, B.C.
**Ph. [604] 324-2195**

2nd class Mail Reg. No. 6794
Monthly Magazine
The
**Lokta**
P.O.Box 67534 STN.'O'
VANCOUVER, B.C. V5W 3T9





# SHAN SAREES & DRAPERY LTD.

ਪੰਜਾਬੀ ਮਾਰਕਿਟ
ਵਿੱਚ ਆਉਣ ਸਮੇਂ
ਹੋਰ ਛਾਂਗੀਆਂ
ਗਈਆਂ ਕੀਮਤਾਂ
ਤੇ ਨਵੇਂ ਪੁੱਜੇ ਮਾਲ
ਨੂੰ ਦੇਖੇ ਬਗੈਰ ਨਾ
ਜਾਓ!!!

ਪੰਜਾਬੀ ਮਾਰਕੀਟ ਵਿਚ
ਸੂਟ - ਸਾੜ੍ਹੀਆਂ ਅਤੇ ਵਧੀਆ ਪਰਦੇ ਬਣਵਾਉਣ ਲਈ ਇਕ ਭਰੋਸੇਯੋਗ ਸਟੋਰ

ਪਰਦਿਆਂ ਅਤੇ ਡਰੇਪਰੀ ਟਰੈਕ ਦੇ ਲਗਵਾਣ ਦੇ ਮੁਫਤ ਐਸਟੀਮੇਟ ਲਈ ਅਸੀਂ ਹਮੇਸ਼ਾ ਹਾਜ਼ਰ ਹਾਂ

ਪਰਦਿਆਂ ਦੇ ਕੱਪੜਿਆਂ 'ਤੇ ਹਮੇਸ਼ਾਂ ਹੀ ਕੁਝ ਨਾ ਕੁਝ
ਜਰੂਰ **OFF** ਮਿਲਦਾ ਹੈ।

ਕੋਈ ਵੀ ਚੀਜ਼ ਖ੍ਰੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈਕ ਜ਼ਰੂਰ ਕਰੋ
ਤੁਹਾਨੂੰ ਜੀ ਆਇਆਂ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾ
ਖਸ਼ੀ ਮਹਿਸੂਸ ਕਰੇਗਾ।

# ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਲਿਮਿ:

**6543 MAIN ST. [BETWEEN 49TH. & 50TH.]**
**VANCOUVER, PH: 321-1955. 321-0847**